# ਟੈਕਸੀ ਅਤੇ TLC-ਲਾਇਸੈਂਸੀ ਕੇਸ

## OATH ਟ੍ਰਾਇਲਸ ਡਿਵੀਜ਼ਨ ਵਿਖੇ ਤੁਹਾਡੇ ਮੁਕੱਦਮੇ ਲਈ ਇੱਕ ਗਾਈਡ

**Office of Administrative Trials and Hearings**
**(ਪ੍ਰਸ਼ਾਸਨਿਕ ਟ੍ਰਾਇਲ ਅਤੇ ਸੁਣਵਾਈਆਂ ਦਾ ਦਫ਼ਤਰ)**
100 Church Street, 12th Floor, New York, NY 10007

# ਵਿਸ਼ਾ-ਸੂਚੀ


**OATH ਵਿਖੇ ਸੁਣਵਾਈ ਕੀਤੇ ਜਾਣ ਵਾਲੇਟੈਕਸੀ ਅਤੇ TLC-ਲਾਇਸੈਂਸੀ ਦੇ ਕੇਸ ........................................4**

**ਕੀ ਮੈਨੂੰ ਇੱਕ ਵਕੀਲ ਨਿਯੁਕਤ ਕਰਨਾ ਚਾਹੀਦਾ ਹੈ?........................................................................5**

**ਕੁਝ ਮਹੱਤਵਪੂਰਨ ਪਰਿਭਾਸ਼ਾਵਾਂ: ..........................................................................................5**

**ਮੈਂ ਕਿੱਥੇ ਜਾਵਾਂ? ....................................................................................................7**

**ਸਮੇਂ ਸਿਰ ਪਹੁੰਚੋ ....................................................................................................8**

**ਕੀ ਤੁਹਾਨੂੰ ਇੱਕ ਦੁਭਾਸ਼ੀਏ ਦੀ ਲੋੜ ਹੈ? ......................................................................8**

**ਕਾਨਫਰੰਸ ਕੀ ਹੁੰਦੀ ਹੈ? ............................................................................................. 9**

**ਮੁਕੱਦਮਾ ਕੀ ਹੁੰਦਾ ਹੈ?.............................................................................................10**

**ਤੁਹਾਨੂੰ OATH ਵਿਖੇ ਸੁਣਵਾਈ ਕੀਤੇ ਗਏ TLC ਕੇਸਾਂ ਦੀਆਂ ਖਾਸ ਕਿਸਮਾਂ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ..... 13**

1. **ਗਿਰਫ਼ਤਾਰੀ ਦੇ ਕੇਸ .......................................................................................... 13**
2. **ਫਿਟਨੈਸ ਕੇਸ.................................................................................................16**
3. **ਪਾਲਣਾ ਸੰਬੰਧੀ ਕੇਸ ......................................................................................... 20**
4. **ਓਵਰਚਾਰਜ ਕੇਸ............................................................................................. 21**
5. **ਸਵਾਰੀਆਂ ਦੀ ਸ਼ਿਕਾਇਤ ਦੇ ਕੇਸ ..........................................................................23**
6. **ਦੁਰਘਟਨਾ ਦੇ ਕੇਸ...........................................................................................25**

**ਕਨੂੰਨੀ ਸੇਵਾਵਾਂ ................................................................................................... 26**

**ਹੋਰ ਜਾਣਕਾਰੀ .....................................................................................................27**

# ਜ਼ਰੂਰੀ ਬੇਦਾਅਵਾ

ਇੱਥੇ ਪ੍ਰਕਾਸ਼ਿਤ ਜਾਣਕਾਰੀ ਦਿਲਚਸਪੀ ਰੱਖਣ ਵਾਲੇ ਲੋਕਾਂ ਦੀ ਸਹਾਇਤਾ ਲਈ ਹੈ, ਅਤੇ ਇਸ ਨੂੰ ਕਨੂੰਨੀ ਸਲਾਹ ਵਜੋਂ ਨਹੀਂ ਮੰਨਿਆ ਜਾਣਾ ਚਾਹੀਦਾ। ਇਸ ਜਾਣਕਾਰੀ ਦੀ ਕੋਈ ਕਨੂੰਨੀ ਜਾਂ ਪੂਰਵ-ਅਨੁਮਾਨੀ ਮਹੱਤਤਾ ਨਹੀਂ ਹੈ, ਅਤੇ ਇਸ ਨੂੰ OATH ਜਾਂ ਕਿਤੇ ਹੋਰ ਕਨੂੰਨੀ ਇਖ਼ਤਿਆਰ ਜਾਂ ਮਿਸਾਲ ਵਜੋਂ ਪੇਸ਼ ਨਹੀਂ ਕੀਤਾ ਜਾ ਸਕਦਾ ਹੈ। ਇਸ ਗੱਲ ਦੀ ਕੋਈ ਨੁਮਾਇੰਦਗੀ ਜਾਂ ਜ਼ਮਾਨਤ ਨਹੀਂ ਕੀਤੀ ਗਈ ਹੈ ਜਾਂ ਇਹ ਅਨੁਮਾਨ ਨਹੀਂ ਲਗਾਇਆ ਜਾਣਾ ਚਾਹੀਦਾ ਹੈ ਕਿ ਇੱਥੇ ਪ੍ਰਕਾਸ਼ਿਤ ਜਾਣਕਾਰੀ ਟਾਈਪੋਗ੍ਰਾਫਿਕ ਜਾਂ ਪੂਰਨ ਰੂਪ ਵਿੱਚ ਸਟੀਕ ਜਾਂ ਪੂਰੀ ਹੈ, ਅਤੇ OATH ਨੂੰ ਕਿਸੇ ਵੀ ਗਲਤੀ ਜਾਂ ਅਪੂਰਨਤਾ ਲਈ ਜਵਾਬਦੇਹ ਨਹੀਂ ਠਹਿਰਾਇਆ ਜਾਵੇਗਾ। ਖਾਸ ਤੌਰ ‘ਤੇ, ਇਸ ਗੱਲ ਦੀ ਕੋਈ ਨੁਮਾਇੰਦਗੀ ਜਾਂ ਜ਼ਮਾਨਤ ਨਹੀਂ ਕੀਤੀ ਗਈ ਹੈ ਜਾਂ ਇਹ ਅਨੁਮਾਨ ਨਹੀਂ ਲਗਾਇਆ ਜਾਣਾ ਚਾਹੀਦਾ ਹੈ ਕਿ ਇਸ ਵੈੱਬਸਾਈਟ ‘ਤੇ ਮੌਜੂਦ ਨਿਯਮ, ਕਨੂੰਨ, ਆਦੇਸ਼, ਫੈਸਲੇ ਜਾਂ ਹੋਰ ਕਨੂੰਨੀ ਸਰੋਤ ਇੱਥੇ ਸਟੀਕ ਜਾਂ ਪੂਰੀ ਤਰ੍ਹਾਂ ਵਰਣਿਤ ਹਨ, ਅਤੇ OATH ਨੂੰ ਕਿਸੇ ਵੀ ਗਲਤੀ ਜਾਂ ਅਪੂਰਨਤਾ ਲਈ ਜਵਾਬਦੇਹ ਨਹੀਂ ਠਹਿਰਾਇਆ ਜਾਵੇਗਾ। ਵਰਤੋਂਕਾਰਾਂ ਨੂੰ ਲਾਗੂ ਅਸਲ ਅਤੇ ਵਿਧੀਗਤ ਕਨੂੰਨ ਨੂੰ ਨਿਰਧਾਰਤ ਕਰਨ ਲਈ ਅਧਿਕਾਰਤ ਕਨੂੰਨੀ ਸਰੋਤਾਂ ਦਾ ਹਵਾਲਾ ਲੈਣਾ ਚਾਹੀਦਾ ਹੈ, ਜਿਸ ਵਿੱਚ ਕਿਸੇ ਵੀ ਨਿਯਮਾਂ, ਕਨੂੰਨਾਂ, ਆਦੇਸ਼ਾਂ, ਫੈਸਲਿਆਂ ਜਾਂ ਇੱਥੇ ਦਿੱਤੇ ਗਏ ਹੋਰ ਕਨੂੰਨੀ ਸਰੋਤਾਂ ਦੀ ਸਮੱਗਰੀ ਸ਼ਾਮਲ ਹੈ।

# OATH ਵਿਖੇ ਸੁਣਵਾਈ ਕੀਤੇ ਜਾਣ ਵਾਲੇਟੈਕਸੀ ਅਤੇ TLC-ਲਾਇਸੈਂਸੀ ਦੇ ਕੇਸ

OATH ਟੈਕਸੀ ਅਤੇ ਲਿਮੋਜ਼ਿਨ ਕਮਿਸ਼ਨ (TLC) ਦੁਆਰਾ ਲਿਆਂਦੇ ਗਏ ਵੱਖ-ਵੱਖ ਕਿਸਮ ਦੇ ਕੇਸਾਂ ਦੀ ਸੁਣਵਾਈ ਕਰਦਾ ਹੈ। ਇਹ ਕੇਸ ਪੀਲੇ ਕੈਬ ਡਰਾਈਵਰਾਂ, ਕਿਰਾਏ ਵਾਲੀਆਂ ਕਾਰਾਂ ਦੇ ਡਰਾਈਵਰਾਂ, ਮਡੈਲੀਅਨ ਮਾਲਕਾਂ, ਬੇਸ ਮਾਲਕਾਂ ਅਤੇ ਹੋਰਾਂ ਦੇ TLC ਵੱਲੋਂ ਜਾਰੀ ਕੀਤੇ ਲਾਇਸੈਂਸਾਂ ਬਾਰੇ ਹਨ।

ਇਹ ਕੇਸ TLC ਵੱਲੋਂ ਲਾਇਸੈਂਸ ਵਾਪਸ ਲਿੱਤੇ ਜਾਣ ਅਤੇ/ਜਾਂ ਪੈਸੇ ਦੇ ਜੁਰਮਾਨੇ ਦੀ ਲੋੜ ਬਾਰੇ ਹੋ ਸਕਦੇ ਹਨ। ਬਹੁਤ ਸਾਰੀਆਂ ਉਲੰਘਣਾਵਾਂ ਦੇ ਨਤੀਜੇ ਵਜੋਂ TLC ਲਾਇਸੈਂਸ ‘ਤੇ ਆਪਣੇ ਆਪ **ਪੁਆਇੰਟ** ਦਿੱਤੇ ਜਾਂ ਘਟਾਏ ਜਾਂਦੇ ਹਨ। ਵਾਰ-ਵਾਰ ਕੀਤੀਆਂ ਉਲੰਘਣਾਵਾਂ ਪੁਆਇੰਟਾਂ ਨੂੰ ਵਧਾ ਸਕਦੀਆਂ ਹਨ ਅਤੇ TLC ਲਾਇਸੈਂਸ ਵਾਪਸ ਲਿੱਤੇ ਜਾਣ ਦਾ ਕਾਰਨ ਬਣ ਸਕਦੀਆਂ ਹਨ। ਖਰਚਿਆਂ ਵਿੱਚ ਸ਼ਾਮਲ ਹੋ ਸਕਦੇ ਹਨ:

- ਇੱਕ TLC-ਲਾਇਸੈਂਸਸ਼ੁਦਾ ਡਰਾਈਵਰ ਦੀ ਗਿਰਫ਼ਤਾਰੀ।
- ਕੀ ਇੱਕ TLC-ਲਾਇਸੈਂਸਸ਼ੁਦਾ ਡਰਾਈਵਰ ਗੱਡੀ ਚਲਾਉਣ ਲਈ ਫਿੱਟ ਹੈ (ਡਰੱਗ ਟੈਸਟ; ਅਪਰਾਧਿਕ ਸਜ਼ਾਵਾਂ; ਧੋਖਾਧੜੀ)।
- TLC ਦੇ ਆਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫਲਤਾ।
- ਸਵਾਰੀਆਂ ਤੋਂ ਕਿਰਾਏ ਲਈ ਬਹੁਤ ਜ਼ਿਆਦਾ ਪੈਸੇ ਵਸੂਲਣਾ।
- ਸਵਾਰੀਆਂ ਜਾਂ ਕਿਸੇ ਹੋਰ ਲੋਕਾਂ ਵੱਲੋਂ ਸ਼ਿਕਾਇਤਾਂ ਕਿ ਡਰਾਈਵਰ ਨੇ ਬੁਰਾ ਵਿਹਾਰ ਕੀਤਾ।
- ਦੁਰਘਟਨਾ ਦੇ ਪੀੜਤ ਜੋ ਚਾਹੁੰਦੇ ਹਨ ਕਿ ਕਿਸੇ ਮਾਲਕ ਵੱਲੋਂ ਮੈਡਲੀਅਨ ਵੇਚਣ ਤੋਂ ਪਹਿਲਾਂ ਪੈਸੇ ਵੱਖ ਰੱਖੇ ਜਾਣ।

ਇਹ ਕੇਸ ਇਸ ਬਾਰੇ ਨਹੀਂ ਹਨ ਕਿ ਕੀ ਤੁਸੀਂ ਨਿਊਯਾਰਕ ਰਾਜ ਮੋਟਰ ਵਾਹਨ ਵਿਭਾਗ (DMV) ਵੱਲੋਂ ਜਾਰੀ ਕੀਤਾ ਆਪਣਾ ਡਰਾਈਵਰ ਲਾਇਸੈਂਸ ਰੱਖ ਸਕਦੇ ਹੋ।

# ਕੀ ਮੈਨੂੰ ਇੱਕ ਵਕੀਲ ਨਿਯੁਕਤ ਕਰਨਾ ਚਾਹੀਦਾ ਹੈ?

ਤੁਹਾਡੇ ਕੋਲ OATH ਵਿਖੇ ਵਕੀਲ ਜਾਂ ਨੁਮਾਇੰਦੇ ਦੇ ਨਾਲ ਪੇਸ਼ ਹੋਣ ਦਾ ਅਧਿਕਾਰ ਹੈ। ਤੁਹਾਨੂੰ OATH ਵਿਖੇ ਆਪਣੀ ਨੁਮਾਇੰਦਗੀ ਕਰਨ ਦੀ ਇਜਾਜ਼ਤ ਹੈ, ਪਰ OATH ਵਿਖੇ ਤੁਹਾਡੇ ਕੇਸ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਵਕੀਲ ਜਾਂ ਇੱਕ ਜਾਣਕਾਰ ਨੁਮਾਇੰਦੇ ਨੂੰ ਨਿਯੁਕਤ ਕਰਨਾ ਬਹੁਤ ਉਤਸ਼ਾਹਿਤ ਕੀਤਾ ਜਾਂਦਾ ਹੈ।

ਤੁਹਾਨੂੰ ਕਿਸੇ ਵਕੀਲ ਜਾਂ ਨੁਮਾਇੰਦੇ ਨਾਲ ਆਪਣੇ-ਆਪ ਬੰਦੋਬਸਤ ਕਰਨਾ ਹੋਵੇਗਾ। ਇਸਦਾ ਮਤਲਬ ਹੈ ਕਿ ਇਹ ਪੁੱਛਣ ਦੀ ਜ਼ਿੰਮੇਵਾਰੀ ਤੁਹਾਡੀ ਹੈ ਕਿ ਕੀ ਉਹ ਤੁਹਾਡੇ ਤੋਂ ਪੈਸੇ ਲੈਣਗੇ ਜਾਂ ਨਹੀਂ। ਤੁਹਾਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਉਹਨਾਂ ਨੂੰ ਆਪਣੇ OATH ਮੁਕੱਦਮੇ ਬਾਰੇ ਮਿਲਣ ਵਾਲੇ ਨੋਟਿਸ ਦੇਵੋ।

ਜੇਕਰ ਤੁਹਾਡਾ ਕੋਈ ਅਪਰਾਧਿਕ ਕੇਸ ਲੰਬਿਤ ਹੈ, ਤਾਂ ਆਪਣੇ ਅਪਰਾਧਿਕ ਵਕੀਲ ਨੂੰ ਆਪਣੇ OATH ਮੁਕੱਦਮੇ ਬਾਰੇ ਦੱਸੋ। OATH ਮੁਕੱਦਮੇ ਵਿੱਚ ਤੁਸੀਂ ਜੋ ਕਹਿੰਦੇ ਹੋ, ਉਹ ਬਾਅਦ ਵਿੱਚ ਤੁਹਾਡੇ ਅਪਰਾਧਿਕ ਕੇਸ ਵਿੱਚ ਤੁਹਾਡੇ ਖਿਲਾਫ ਵਰਤਿਆ ਜਾ ਸਕਦਾ ਹੈ। ਤੁਹਾਨੂੰ ਇਸ ਗੱਲ ਦੀ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਅਪਰਾਧਿਕ ਵਕੀਲ ਤੋਂ ਆਪਣੇ OATH ਲਾਇਸੈਂਸ ਦੇ ਕੇਸ ਬਾਰੇ ਸਲਾਹ ਲਵੋ ਜਾਂ ਕਿਸੇ ਹੋਰ ਵਕੀਲ ਦੀ ਸਿਫਾਰਸ਼ ਪ੍ਰਾਪਤ ਕਰੋ ਜੋ ਤੁਹਾਡੇ OATH ਲਾਇਸੈਂਸ ਦੇ ਕੇਸ ਵਿੱਚ ਤੁਹਾਡੀ ਨੁਮਾਇੰਦਗੀ ਕਰ ਸਕੇ।

# ਕੁਝ ਮਹੱਤਵਪੂਰਨ ਪਰਿਭਾਸ਼ਾਵਾਂ:

- **ਸਸਪੈਂਸ਼ਨ ਦਾ ਮਤਲਬ ਕੀ ਹੈ?**

  "**ਸਸਪੈਂਸ਼ਨ**" ਦਾ ਮਤਲਬ ਹੈ ਭਵਿੱਖ ਵਿੱਚ ਕੁਝ ਸਮੇਂ ਲਈ TLC ਲਾਇਸੈਂਸ ਦਾ ਵਾਪਸ ਲਿੱਤੇ ਜਾਣਾ।

## ਰੱਦ ਕਰਨ ਦਾ ਮਤਲਬ ਕੀ ਹੈ?

**"ਰੱਦ ਕਰਨ"** ਦਾ ਮਤਲਬ ਹੈ ਹਮੇਸ਼ਾ ਲਈ TLC ਲਾਇਸੈਂਸ ਗੁਆ ਬੈਠਣਾ। ਇਹ ਕਦੇ ਵੀ ਬਹਾਲ ਨਹੀਂ ਕੀਤਾ ਜਾਵੇਗਾ। ਇੱਕ ਡਰਾਈਵਰ ਜਿਸਦਾ ਲਾਇਸੈਂਸ ਰੱਦ ਹੋ ਗਿਆ ਹੈ, ਉਸ ਨੂੰ ਇੱਕ ਨਵੇਂ ਲਾਇਸੈਂਸ ਵਾਸਤੇ TLC ਨੂੰ ਅਰਜ਼ੀ ਦੇਣ ਲਈ ਕੁਝ ਸਮੇਂ ਦੀ ਉਡੀਕ ਕਰਨੀ ਪੈਂਦੀ ਹੈ ਅਤੇ ਇਹ ਦਿਖਾਉਣਾ ਪੈਂਦਾ ਹੈ ਕਿ ਲਾਇਸੈਂਸ ਰੱਦ ਕੀਤੇ ਜਾਣ ਦੇ ਕਾਰਨ ਹੁਣ ਲਾਗੂ ਨਹੀਂ ਹੁੰਦੇ। ਜੇਕਰ ਤੁਸੀਂ ਆਪਣਾ ਲਾਇਸੈਂਸ ਸਰੰਡਰ ਕਰਨ ਅਤੇ ਨਵੇਂ ਲਾਇਸੈਂਸ ਲਈ ਅਰਜ਼ੀ ਦੇਣ ਦੀ ਚੋਣ ਕਰਦੇ ਹੋ, ਤਾਂ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ TLC ਤੁਹਾਨੂੰ ਨਵਾਂ ਲਾਇਸੈਂਸ ਦੇਵੇਗੀ। TLC ਵਿਖੇ ਦੁਬਾਰਾ ਤੋਂ ਅਰਜ਼ੀ ਦੇਣ ਦੀ ਇੱਕ ਵੱਖਰੀ ਪ੍ਰਕਿਰਿਆ ਹੈ। **OATH** ਵਿਖੇ ਅਜਿਹਾ ਨਹੀਂ ਹੁੰਦਾ।

# ਮੈਂ ਕਿੱਥੇ ਜਾਵਾਂ?

**ਮਹੱਤਵਪੂਰਨ ਨੋਟ: ਇੱਥੇ ਕਈ ਟ੍ਰਿਬਿਊਨਲ ਹਨ ਜੋ TLC ਨਾਲ ਸੰਬੰਧਤ ਕੇਸਾਂ ਨੂੰ ਹੈਂਡਲ ਕਰਦੇ ਹਨ। ਯਕੀਨੀ ਬਣਾਓ ਕਿ ਤੁਸੀਂ ਸਹੀ ਥਾਂ 'ਤੇ ਜਾ ਰਹੇ ਹੋ। ਇਹ ਗਾਈਡ ਸਿਰਫ਼ OATH ਟ੍ਰਾਇਲਸ ਡਿਵੀਜ਼ਨ ਦੁਆਰਾ ਸੁਣਵਾਈ ਕੀਤੇ ਜਾਣ ਵਾਲੇ ਕੇਸਾਂ ਲਈ ਹੈ। ਇਹ ਦੇਖਣ ਲਈ ਕਿ ਤੁਹਾਡਾ ਕੇਸ ਔਨਲਾਈਨ ਹੈ ਜਾਂ ਤੁਹਾਨੂੰ ਵਿਅਕਤੀਗਤ ਤੌਰ 'ਤੇ ਪੇਸ਼ ਹੋਣਾ ਪਵੇਗਾ, ਆਪਣੇ ਕਾਗਜ਼ਾਤ ਚੈੱਕ ਕਰੋ। ਜੇਕਰ ਤੁਹਾਨੂੰ ਵਿਅਕਤੀਗਤ ਤੌਰ 'ਤੇ ਪੇਸ਼ ਹੋਣ ਦੀ ਲੋੜ ਹੈ, ਤਾਂ TLC ਤੋਂ ਪ੍ਰਾਪਤ ਕਾਗਜ਼ਾਤ 'ਤੇ ਦਿੱਤੇ ਪਤੇ 'ਤੇ ਜਾਓ।**

ਤੁਹਾਡੇ ਕੇਸ ਦੀ ਸੁਣਵਾਈ ਵੀਡੀਓ ਕਾਨਫਰੰਸ ਰਾਹੀਂ ਕੀਤੀ ਜਾ ਸਕਦੀ ਹੈ। ਤੁਹਾਨੂੰ ਔਨਲਾਈਨ ਹਿੱਸਾ ਲੈਣ ਦੇ ਤਰੀਕੇ ਬਾਰੇ OATH ਵੱਲੋਂ ਹਿਦਾਇਤਾਂ ਪ੍ਰਾਪਤ ਹੋਣਗੀਆਂ। ਤੁਸੀਂ ਵਿਅਕਤੀਗਤ ਤੌਰ ਪੇਸ਼ ਹੋਣ ਵਾਲੀ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ। ਜੇਕਰ ਜੱਜ ਉਸ ਬੇਨਤੀ ਨੂੰ ਮਨਜ਼ੂਰੀ ਦਿੰਦੇ ਹਨ, ਤਾਂ OATH ਦਫ਼ਤਰ ਇੱਥੇ ਸਥਿਤ ਹੈ:

**Office of Administrative Trials & Hearings**
100 Church Street, 12th Floor
New York, NY 10007




**ਟੈਲੀ#:** (212) 933-3097

**ਈਮੇਲ:** OATHCalUnit@OATH.nyc.gov

# ਸਮੇਂ ਸਿਰ ਪਹੁੰਚੋ

- **ਜੇਕਰ ਮੈਂ ਲੇਟ ਹੋ ਜਾਵਾਂ ਤਾਂ ਕੀ ਹੋਵੇਗਾ?**

  ਆਪਣੇ ਮੁਕੱਦਮੇ ਲਈ ਸਮੇਂ ਸਿਰ ਪਹੁੰਚੋ। ਜੇਕਰ ਤੁਸੀਂ ਦੇਰੀ ਨਾਲ ਪਹੁੰਚਦੇ ਹੋ, ਤਾਂ ਮੁਕੱਦਮਾ ਤੁਹਾਡੇ ਬਿਨਾਂ ਹੀ ਚਲਾਇਆ ਜਾ ਸਕਦਾ ਹੈ। ਇਸਦਾ ਮਤਲਬ ਹੈ ਕਿ ਜੱਜ ਸਿਰਫ਼ TLC ਦੁਆਰਾ ਪੇਸ਼ ਕੀਤੇ ਸਬੂਤਾਂ ਦੇ ਆਧਾਰ 'ਤੇ ਫੈਸਲਾ ਦੇ ਸਕਦਾ ਹੈ। ਜੇਕਰ ਤੁਸੀਂ ਟ੍ਰੈਫਿਕ ਜਾਂ ਜਨਤਕ ਆਵਾਜਾਈ ਵਿੱਚ ਦੇਰੀ ਕਰਕੇ ਲੇਟ ਹੋ ਰਹੇ ਹੋ, ਤਾਂ OATH ਕੈਲੰਡਰ ਯੂਨਿਟ ਨੂੰ ਈਮੇਲ ਜਾਂ ਕਾਲ ਕਰਕੇ ਦੱਸੋ।

- **ਮੈਂ ਦੁਬਾਰਾ ਸਮਾਂ-ਤੈਅ ਕਿਵੇਂ ਕਰ ਸਕਦਾ/ਸਕਦੀ ਹਾਂ?**

  ਜੇਕਰ ਤੁਸੀਂ ਇੱਕ ਨਿਰਧਾਰਤ ਕਾਨਫਰੰਸ ਜਾਂ ਮੁਕੱਦਮੇ ਵਿੱਚ ਨਹੀਂ ਪਹੁੰਚ ਸਕਦੇ ਹੋ, ਤਾਂ ਤੁਹਾਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਮੁਕੱਦਮੇ ਦੇ ਨੋਟਿਸ ਵਿੱਚ ਨਾਮ ਦਿੱਤੇ ਨੁਮਾਇੰਦੇ ਅਤੇ OATH ਨੂੰ ਕਾਲ ਜਾਂ ਈਮੇਲ ਕਰਕੇ ਦੱਸਣਾ ਚਾਹੀਦਾ ਹੈ। ਤੁਹਾਨੂੰ ਅਤੇ TLC ਵਿਅਕਤੀ ਦੋਵਾਂ ਨੂੰ OATH ਦੇ ਜੱਜ ਨਾਲ ਸਾਰੀਆਂ ਫ਼ੋਨ ਕਾਲਾਂ 'ਤੇ ਹਾਜ਼ਰ ਹੋਣਾ ਚਾਹੀਦਾ ਹੈ। ਤੁਸੀਂ ਜੱਜ ਨੂੰ ਪੁੱਛ ਸਕਦੇ ਹੋ ਕਿ ਕੀ ਤੁਸੀਂ ਕਿਸੇ ਹੋਰ ਤਰੀਕ ਨੂੰ OATH ਵਿਖੇ ਆ ਸਕਦੇ ਹੋ ਜੇਕਰ ਇਸਦਾ ਕੋਈ ਢੁਕਵਾਂ ਕਾਰਨ ਹੈ। ਇਸ ਨੂੰ ਮੁਲਤਵੀ ਕਰਨਾ ਕਿਹਾ ਜਾਂਦਾ ਹੈ। ਜੇਕਰ ਤੁਸੀਂ ਕਿਸੇ ਵਕੀਲ ਜਾਂ ਨੁਮਾਇੰਦੇ ਨੂੰ ਨਿਯੁਕਤ ਕਰਨਾ ਚਾਹੁੰਦੇ ਹੋ ਜਾਂ ਤੁਹਾਡੇ ਕੋਲ ਮੁਕੱਦਮੇ ਵਿੱਚ ਦੇਰੀ ਕਰਨ ਦਾ ਕੋਈ ਹੋਰ ਢੁਕਵਾਂ ਕਾਰਨ ਹੈ ਤਾਂ ਤੁਸੀਂ ਹੋਰ ਸਮਾਂ ਮੰਗ ਸਕਦੇ ਹੋ। ਜੱਜ TLC ਵਕੀਲ ਨੂੰ ਪੁੱਛੇਗਾ ਕਿ ਕੀ ਉਹ ਮੁਲਤਵੀ ਕਰਨ ਲਈ ਸਹਿਮਤ ਹੈ। TLC ਇਸ ਦੇਰੀ ਲਈ ਸਹਿਮਤ ਹੋ ਵੀ ਸਕਦਾ ਹੈ ਜਾਂ ਨਹੀਂ ਵੀ। ਜੱਜ ਫੈਸਲਾ ਕਰੇਗਾ ਕਿ ਤੁਸੀਂ ਕਿਸੇ ਹੋਰ ਦਿਨ ਵਾਪਸ ਆ ਸਕਦੇ ਹੋ ਜਾਂ ਨਹੀਂ।

# ਕੀ ਤੁਹਾਨੂੰ ਇੱਕ ਦੁਭਾਸ਼ੀਏ ਦੀ ਲੋੜ ਹੈ?

ਜੇਕਰ ਤੁਹਾਨੂੰ ਇੱਕ **ਦੁਭਾਸ਼ੀਏ** ਦੀ ਲੋੜ ਹੈ, ਤਾਂ OATH ਤੁਹਾਨੂੰ ਇੱਕ ਮੁਫ਼ਤ ਦੁਭਾਸ਼ੀਆ ਮੁਹੱਈਆ ਕਰਾਏਗਾ। OATH ਫ਼ੋਨ ਦੁਆਰਾ ਦੁਭਾਸ਼ੀਏ ਦੀ ਵਰਤੋਂ ਕਰਦਾ ਹੈ। ਉਹ ਤੁਹਾਡੀ ਔਨਲਾਈਨ ਸੁਣਵਾਈ ਜਾਂ ਕਾਨਫਰੰਸ ਵਿੱਚ ਜਾਂ ਜੇਕਰ ਤੁਹਾਡਾ ਮੁਕੱਦਮਾ ਵਿਅਕਤੀਗਤ ਤੌਰ 'ਤੇ ਪੇਸ਼ ਹੋਣ ਵਾਲਾ ਹੈ, ਤਾਂ ਕੋਰਟ ਰੂਮ ਵਿੱਚ ਸਪੀਕਰ ਫ਼ੋਨ 'ਤੇ ਗੱਲ ਕਰਦੇ ਹਨ।

# ਕਾਨਫਰੰਸ ਕੀ ਹੁੰਦੀ ਹੈ?

ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ, ਇਹ ਦੇਖਣ ਲਈ ਕਿ ਕੀ ਕੇਸ ਦਾ ਸਮਝੌਤਾ ਕੀਤਾ ਜਾ ਸਕਦਾ ਹੈ, ਇੱਕ ਜੱਜ ਤੁਹਾਡੇ ਅਤੇ TLC ਦੇ ਕਿਸੇ ਵਿਅਕਤੀ ਨਾਲ ਔਨਲਾਈਨ ਜਾਂ ਕੋਰਟ ਰੂਮ ਵਿੱਚ ਮੁਲਾਕਾਤ ਕਰੇਗਾ। ਇਸ ਨੂੰ **ਕਾਨਫਰੰਸ** ਕਿਹਾ ਜਾਂਦਾ ਹੈ।

- ਤੁਸੀਂ ਕਿਸੇ ਵਕੀਲ ਜਾਂ ਆਪਣੀ ਪਸੰਦ ਦੇ ਹੋਰ ਨੁਮਾਇੰਦੇ ਦੇ ਨਾਲ ਜਾਂ ਬਿਨਾਂ ਕਾਨਫਰੰਸ ਵਿੱਚ ਹਾਜ਼ਰ ਹੋ ਸਕਦੇ ਹੋ।
- ਕਾਨਫਰੰਸ ਜੱਜ ਦੱਸੇਗਾ ਕਿ OATH ਵਿਖੇ ਕੀ ਹੁੰਦਾ ਹੈ ਅਤੇ ਤੁਹਾਨੂੰ ਉਹ ਤਰੀਕੇ ਦੱਸੇਗਾ ਜਿਨ੍ਹਾਂ ਨਾਲ ਤੁਸੀਂ ਅਤੇ TLC ਆਪਣੇ ਕੇਸ ਦਾ ਸਮਝੌਤਾ ਕਰ ਸਕਦੇ ਹੋ।
- ਤੁਸੀਂ ਸਵਾਲ ਪੁੱਛ ਸਕਦੇ ਹੋ।
- ਜੇਕਰ ਤੁਸੀਂ ਚਾਹੋ ਤਾਂ ਤੁਸੀਂ TLC ਨਾਲ ਆਪਣੇ ਕੇਸ ਦਾ ਸਮਝੌਤਾ ਕਰ ਸਕਦੇ ਹੋ, ਪਰ ਤੁਹਾਨੂੰ ਇੰਝ ਕਰਨਾ ਲਾਜ਼ਮੀ ਨਹੀਂ। ਇਹ ਤੁਹਾਡੇ ਉੱਪਰ ਹੈ। ਸਮਝੌਤਾ ਸਵੈਇੱਛਤ ਹੈ। ਸਮਝੌਤਾ ਕਰਨ ਲਈ ਤੁਹਾਨੂੰ ਅਤੇ TLC, ਦੋਵਾਂ ਪੱਖਾਂ ਨੂੰ ਰਾਜ਼ੀ ਹੋਣਾ ਪੈਂਦਾ ਹੈ।
- ਸਮਝੌਤੇ ਦੀਆਂ ਸ਼ਰਤਾਂ ਤੁਹਾਡੇ ਜਾਂ TLC ਦੁਆਰਾ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਤੁਸੀਂ ਅਤੇ TLC ਪੇਸ਼ਕਸ਼ਾਂ ਨੂੰ ਸਵੀਕਾਰ ਜਾਂ ਅਸਵੀਕਾਰ ਕਰ ਸਕਦੇ ਹੋ। ਜੱਜ ਇਹ ਦੇਖਣ ਲਈ ਦੋਵਾਂ ਪੱਖਾਂ ਨਾਲ ਕੰਮ ਕਰੇਗਾ ਕਿ ਕੀ ਅਜਿਹੀਆਂ ਸ਼ਰਤਾਂ ਹਨ ਜੋ ਤੁਹਾਨੂੰ ਅਤੇ TLC ਦੋਵਾਂ ਨੂੰ ਸਵੀਕਾਰਯੋਗ ਹਨ।
- ਵੱਖੋ-ਵੱਖ, ਸੰਭਾਵਿਤ ਸਮਝੌਤੇ ਦੀਆਂ ਸ਼ਰਤਾਂ ਦੀਆਂ **ਉਦਾਹਰਨਾਂ** ਹਨ: ਲਾਇਸੈਂਸ ਸਰੰਡਰ ਕੀਤੇ ਜਾਣਾ; ਜੁਰਮਾਨੇ; TLC ਲਾਇਸੈਂਸ 'ਤੇ ਪੁਆਇੰਟਾਂ ਦੀ ਗਿਣਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਕਸੂਰਵਾਰ ਦਲੀਲਾਂ; ਗੁੱਸਾ ਨਜਿੱਠਣ ਦੀਆਂ ਕਲਾਸਾਂ; ਬਹਾਲੀ; ਲਾਇਸੈਂਸ ਮੁਅੱਤਲ ਕੀਤੇ ਜਾਣਾ; ਸ਼ਰਤਾਂ ਸਮੇਤ ਜਾਂ ਬਿਨਾਂ ਮਾਮਲਾ ਵਾਪਸ ਲਿੱਤੇ ਜਾਣਾ, ਲਾਇਸੈਂਸ ਦੀ ਮੁਅੱਤਲੀ ਹਟਾਈ ਜਾ ਸਕਦੀ ਹੈ। ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ ਤੁਹਾਨੂੰ ਸਮਝੌਤੇ ਦੀਆਂ ਕੋਈ ਖਾਸ ਸ਼ਰਤਾਂ ਮਿਲਣਗੀਆਂ। ਇਹ ਸਿਰਫ਼ ਉਦਾਹਰਣਾਂ ਹਨ।
- TLC ਸ਼ਿਕਾਇਤ ਕਰਨ ਵਾਲੇ ਗਵਾਹ ਨੂੰ ਕਿਸੇ ਖਾਸ ਸਮਝੌਤੇ ਬਾਰੇ ਉਸਦੇ ਵਿਚਾਰ ਪੁੱਛ ਸਕਦਾ ਹੈ, ਪਰ ਗਵਾਹ TLC ਅਤੇ ਤੁਹਾਡੇ ਵਿਚਕਾਰ ਕਿਸੇ ਵੀ ਸਮਝੌਤੇ ਦਾ ਧਿਰ ਨਹੀਂ ਹੈ।
- ਜੇਕਰ ਤੁਸੀਂ ਸਮਝੌਤਾ ਨਹੀਂ ਕਰਦੇ ਹੋ, ਤਾਂ ਤੁਸੀਂ ਆਪਣਾ ਮੁਕੱਦਮਾ ਕਰਵਾ ਸਕਦੇ ਹੋ। ਤੁਹਾਡੇ ਕੋਲ ਮੁਕੱਦਮਾ ਚਲਾਉਣ ਦਾ ਅਧਿਕਾਰ ਹੈ।

# ਮੁਕੱਦਮਾ ਕੀ ਹੁੰਦਾ ਹੈ?



## ਮੈਂ ਆਪਣੇ ਮੁਕੱਦਮੇ ਲਈ ਕਿਵੇਂ ਤਿਆਰੀ ਕਰ ਸਕਦਾ/ਸਕਦੀ ਹਾਂ?

- ਜੇ ਤੁਹਾਡੇ ਕੇਸ ਦਾ ਨਿਪਟਾਰਾ ਕਾਨਫਰੰਸ ਵਿੱਚ ਨਹੀਂ ਹੁੰਦਾ, ਤਾਂ ਕੋਈ ਵੱਖਰਾ ਜੱਜ ਮੁਕੱਦਮੇ ਦੀ ਸੁਣਵਾਈ ਕਰੇਗਾ। ਮੁਕੱਦਮਾ ਅਦਾਲਤੀ ਮੁਕੱਦਮੇ ਵਾਂਗ ਹੈ।

- ਜੱਜ ਤੁਹਾਨੂੰ ਤੁਹਾਡੇ ਮੁਕੱਦਮੇ ਦੀ ਤਰੀਕ ਤੋਂ ਪਹਿਲਾਂ ਜੱਜ ਅਤੇ TLC ਦੇ ਵਕੀਲ ਨੂੰ ਅਜਿਹੇ ਕੋਈ ਵੀ ਦਸਤਾਵੇਜ਼ ਜਾਂ ਹੋਰ ਸਬੂਤ ਈਮੇਲ ਕਰਨ ਲਈ ਕਹੇਗਾ ਜੋ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਕੇਸ ਨੂੰ ਲੈ ਕੇ ਮਦਦਗਾਰ ਹੋ ਸਕਦੇ ਹਨ। ਜੱਜ ਤੁਹਾਨੂੰ ਤੁਹਾਡੇ ਗਵਾਹਾਂ ਦੀ ਇੱਕ ਸੂਚੀ ਈਮੇਲ ਕਰਨ ਲਈ ਵੀ ਕਹੇਗਾ। ਜੇਕਰ ਤੁਹਾਡਾ ਮੁਕੱਦਮਾ ਵਿਅਕਤੀਗਤ ਤੌਰ 'ਤੇ ਪੇਸ਼ ਹੋਣ ਵਾਲਾ ਮੁਕੱਦਮਾ ਹੈ, ਤਾਂ ਈਮੇਲ ਕਰੋ ਅਤੇ ਆਪਣੇ ਦਸਤਾਵੇਜ਼ ਅਤੇ ਹੋਰ ਸਬੂਤ ਕੋਰਟ ਰੂਮ ਵਿੱਚ ਵੀ ਲਿਆਓ ਅਤੇ ਆਪਣੇ ਗਵਾਹਾਂ ਨੂੰ ਵੀ ਨਾਲ ਲਿਆਓ।

- ਤੁਹਾਡੇ ਮੁਕੱਦਮੇ ਦੀ ਤਰੀਕ ਤੋਂ ਪਹਿਲਾਂ, ਤੁਸੀਂ ਅਤੇ TLC ਇੱਕ ਦੂਜੇ ਤੋਂ ਤੁਹਾਡੇ ਕੇਸ ਬਾਰੇ ਦਸਤਾਵੇਜ਼ਾਂ ਦੀ ਮੰਗ ਕਰ ਸਕਦੇ ਹੋ। ਇਹ ਬੇਨਤੀਆਂ ਲਿਖਤੀ ਰੂਪ ਵਿੱਚ ਹੋਣੀਆਂ ਚਾਹੀਦੀਆਂ ਹਨ।
    - ਉਦਾਹਰਨ ਲਈ, ਤੁਸੀਂ ਉਹਨਾਂ ਸਾਰੇ ਦਸਤਾਵੇਜ਼ਾਂ ਦੀਆਂ ਕਾਪੀਆਂ ਮੰਗ ਸਕਦੇ ਹੋ ਜੋ TLC ਤੁਹਾਡੇ ਮੁਕੱਦਮੇ ਵਿੱਚ ਜੱਜ ਨੂੰ ਦਿਖਾਏਗਾ।

- ਤੁਸੀਂ ਜੱਜ ਨੂੰ ***ਸਬਪੀਨਾ*** ਨਾਮਕ ਇੱਕ ਦਸਤਾਵੇਜ਼ 'ਤੇ ਦਸਤਖਤ ਕਰਨ ਲਈ ਵੀ ਕਹਿ ਸਕਦੇ ਹੋ ਜਿਸ ਦੇ ਤਹਿਤ **ਗਵਾਹਾਂ** ਦਾ ਤੁਹਾਡੇ ਮੁਕੱਦਮੇ ਵਿੱਚ ਆਉਣਾ ਲਾਜ਼ਮੀ ਹੋਵੇਗਾ। ਤੁਸੀਂ ਉਸ ਸਬਪੀਨਾ ਦੀ ਵੀ ਮੰਗ ਕਰ ਸਕਦੇ ਹੋ ਜਿਸ ਦੇ ਤਹਿਤ ਕਿਸੇ ਵੱਲੋਂ ਤੁਹਾਨੂੰ **ਦਸਤਾਵੇਜ਼** ਦੇਣੇ ਲਾਜ਼ਮੀ ਹੋ ਜਾਂਦੇ ਹਨ।

- ਤੁਸੀਂ ਕਿਸੇ ਵਕੀਲ ਜਾਂ ਆਪਣੀ ਪਸੰਦ ਦੇ ਹੋਰ ਨੁਮਾਇੰਦੇ ਦੇ ਨਾਲ ਜਾਂ ਬਿਨਾਂ ਮੁਕੱਦਮੇ ਵਿੱਚ ਹਾਜ਼ਰ ਹੋ ਸਕਦੇ ਹੋ।

## ਮੇਰੇ ਮੁਕੱਦਮੇ ਦੌਰਾਨ ਕੀ ਹੁੰਦਾ ਹੈ?

- ਤੁਸੀਂ ਅਤੇ TLC ਦੋਵੇਂ **ਸ਼ੁਰੂਆਤੀ ਬਿਆਨ** ਦੇ ਸਕਦੇ ਹੋ। ਸ਼ੁਰੂਆਤੀ ਬਿਆਨ ਉਸ ਚੀਜ਼ ਦਾ ਸਾਰ ਹੁੰਦਾ ਹੈ ਜੋ ਤੁਸੀਂ ਸਾਬਤ ਕਰਨ ਦਾ ਉਦੇਸ਼ ਰੱਖਦੇ ਹੋ।

- ਫਿਰ TLC ਸਬੂਤ ਪੇਸ਼ ਕਰੇਗਾ ਅਤੇ ਗਵਾਹਾਂ ਨੂੰ ਗਵਾਹੀ ਦੇਣ ਲਈ ਬੁਲਾਏਗਾ। ਗਵਾਹਾਂ ਨੂੰ ਸਹੁੰ ਚੁਕਾਈ ਜਾਂਦੀ ਹੈ। ਇਸਦਾ ਮਤਲਬ ਕਿ ਉਹ ਸੱਚ ਬੋਲਣ ਦੀ ਸਹੁੰ ਖਾਂਦੇ ਹਨ।

- TLC ਦਾ ਵਕੀਲ ਗਵਾਹਾਂ ਨੂੰ **ਸਿੱਧੇ** ਸਵਾਲ ਪੁੱਛੇਗਾ ਕਿ ਕੀ ਹੋਇਆ।

  - ਇਹ ਖੁੱਲ੍ਹੇ-ਸਿਰੇ ਵਾਲੇ ਸਵਾਲ ਹੁੰਦੇ ਹਨ ਜਿਵੇਂ ਕਿ, "ਕੌਣ, ਕੀ, ਕਦੋਂ, ਕਿੱਥੇ, ਕਿਵੇਂ? ਤੁਸੀਂ ਕੀ ਦੇਖਿਆ? ਤੁਸੀਂ ਕੀ ਸੁਣਿਆ? ਤੁਹਾਨੂੰ ਕੀ ਕੁਝ ਪਤਾ ਹੈ?"

- ਫਿਰ ਤੁਹਾਨੂੰ ਉਹਨਾਂ ਗਵਾਹਾਂ ਕੋਲੋਂ ਸਵਾਲ ਪੁੱਛਣ ਦਾ ਹੱਕ ਹੈ ਜਿਨ੍ਹਾਂ ਨੂੰ TLC ਕਟਘਰੇ ਵਿੱਚ ਬੁਲਾਉਂਦੇ ਹੈ। ਇਸ ਨੂੰ **ਪੁਨਰ-ਜਾਂਚ** ਜਾਂਦਾ ਹੈ।

  - ਇਹ **ਸੂਚਕ** ਸਵਾਲ ਹੋ ਸਕਦੇ ਹਨ ਜੋ ਗਵਾਹ ਨੂੰ ਤੁਹਾਡੇ ਦੁਆਰਾ ਕਹੀ ਗਈ ਕਿਸੇ ਗੱਲ ਦਾ ਹਾਂ ਜਾਂ ਨਾਂਹ ਵਿੱਚ ਜਵਾਬ ਦੇਣ ਲਈ ਕਹਿੰਦੇ ਹਨ। ਉਦਾਹਰਨ ਵਜੋਂ, ਇਹ ਸਵਾਲ ਇੰਝ ਸ਼ੁਰੂ ਹੋ ਸਕਦੇ ਹਨ, "ਕੀ ਇਹ ਸੱਚ ਨਹੀਂ ਹੈ ਕਿ। . . ?" ਜਾਂ ਸੂਚਕ ਸਵਾਲ ਅਜਿਹੇ ਸ਼ਬਦਾਂ ਨਾਲ ਸਮਾਪਤ ਹੋ ਸਕਦੇ ਹਨ, ". . . ਕੀ ਇਹ ਸਹੀ ਨਹੀਂ ਹੈ?" ਜਾਂ ". . . , ਹੈ ਨਾ?"

- TLC ਆਪਣੇ ਸਬੂਤ ਪੇਸ਼ ਕਰਨ ਤੋਂ ਬਾਅਦ, ਫਿਰ ਸਬੂਤ ਪੇਸ਼ ਕਰਨ, ਗਵਾਹਾਂ ਨੂੰ ਬੁਲਾਉਣ ਅਤੇ ਕੋਈ ਵੀ ਕਨੂੰਨੀ ਦਲੀਲ ਪੇਸ਼ ਕਰਨ ਦੀ ਤੁਹਾਡੀ ਵਾਰੀ ਹੁੰਦੀ ਹੈ। ਤੁਹਾਡੇ ਗਵਾਹ ਵੀ ਸਹੁੰ ਦੇ ਅਧੀਨ ਹੋਣਗੇ। ਤੁਸੀਂ ਆਪਣੇ ਗਵਾਹਾਂ ਤੋਂ **ਸਿੱਧੇ** ਸਵਾਲ ਪੁੱਛ ਸਕਦੇ ਹੋ।

- ਆਪਣੇ ਸਾਰੇ ਸਵਾਲ ਪੁੱਛ ਲੈਣ ਤੋਂ ਬਾਅਦ, TLC ਤੁਹਾਡੇ ਗਵਾਹਾਂ ਦੀ **ਪੁਨਰ-ਜਾਂਚ** ਕਰ ਸਕਦਾ ਹੈ।

- ਜੇਕਰ ਤੁਸੀਂ ਕਿਸੇ ਵਕੀਲ ਦੇ ਬਿਨਾਂ ਪੇਸ਼ ਹੁੰਦੇ ਹੋ, ਅਤੇ ਤੁਸੀਂ ਗਵਾਹੀ ਦਿੰਦੇ ਹੋ, ਤਾਂ ਜੱਜ ਤੁਹਾਨੂੰ ਸਹੁੰ ਚੁਕਵਾਏਗਾ ਅਤੇ ਫਿਰ ਤੁਹਾਨੂੰ ਸਹੁੰ ਦੇ ਅਧੀਨ ਆਪਣਾ ਬਿਆਨ ਦੇਣ ਲਈ ਕਹੇਗਾ।

- ਜੱਜ ਤੁਹਾਡੇ ਜਾਂ ਕਿਸੇ ਗਵਾਹ ਤੋਂ ਸਵਾਲ ਪੁੱਛ ਸਕਦਾ ਹੈ।

- ਤੁਸੀਂ ਗਵਾਹੀ ਦੇ ਸਕਦੇ ਹੋ। ਤੁਸੀਂ ਬਾਕੀ ਸਾਰੇ ਗਵਾਹਾਂ ਵਾਂਗ, ਸੱਚ ਬੋਲਣ ਦੀ ਸਹੁੰ ਚੁੱਕੋਗੇ। ਫਿਰ TLC ਦਾ ਵਕੀਲ ਤੁਹਾਨੂੰ ਸਵਾਲ ਪੁੱਛ ਸਕਦਾ ਹੈ।

- ਅੰਤ ਵਿੱਚ, ਦੋਵੇਂ ਧਿਰਾਂ **ਸਮਾਪਤੀ ਬਿਆਨ** ਦੇ ਸਕਦੀਆਂ ਹਨ। ਸਮਾਪਤੀ ਉਸ ਗੱਲ ਦਾ ਸਾਰ ਹੁੰਦਾ ਹੈ ਜੋ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਸਾਬਤ ਕੀਤੀ ਹੈ। ਤੁਸੀਂ ਜੱਜ ਕੋਲੋਂ ਉਸ ਨਤੀਜੇ ਦੀ ਮੰਗ ਕਰ ਸਕਦੇ ਹੋ ਜੋ ਤੁਸੀਂ ਚਾਹੁਦੇ ਹੋ?

## ਮੁਕੱਦਮੇ ਤੋਂ ਬਾਅਦ ਕੀ ਹੁੰਦਾ ਹੈ?

ਜ਼ਿਆਦਾਤਰ ਮਾਮਲਿਆਂ ਵਿੱਚ, ਜੱਜ TLC ਦੇ ਚੇਅਰਪਰਸਨ ਨੂੰ ਇੱਕ ਰਿਪੋਰਟ ਅਤੇ ਸਿਫਾਰਸ਼ ਭੇਜੇਗਾ, ਜੋ ਤੁਹਾਡੇ ਕੇਸ ਬਾਰੇ ਅੰਤਿਮ ਫੈਸਲਾ ਕਰੇਗਾ। ਇਹ ਇਸ ਤਰ੍ਹਾਂ ਦਿਖਾਈ ਦੇਵੇਗਾ:



***Taxi & Limousine Comm'n v. John Doe***
OATH Index No. 9999/08 (March 20, 2008)

Respondent driver did not assault passenger, but did use profanity. ALJ recommends dismissal of charge one and penalty on charge two.

**NEW YORK CITY OFFICE OF ADMINISTRATIVE TRIALS AND HEARINGS**

*In the Matter of*
**TAXI AND LIMOUSINE COMMISSION**
*Petitioner*
*-against-*
**JOHN DOE**
*Respondent*

**REPORT AND RECOMMENDATION**

**MONICA MASON,** *Administrative Law Judge*

This license revocation proceeding was referred by petitioner, the Taxi and Limousine Commission, pursuant to the New York City Administrative Code and the Taxi and Limousine Commission's For Hire Vehicle Rules. Respondent John Doe, a licensed for hire driver, is charged with assaulting, verbally harassing, and unlawfully imprisoning a passenger, as well as destroying the passenger's property, in violation of the For Hire Vehicle Rules, 35 RCNY, sections 6-18(f), (i), and (d)(2) (Pet. Ex. 1).

- ਤੁਹਾਨੂੰ ਮੇਲ ਅਤੇ/ਜਾਂ ਈਮੇਲ ਦੁਆਰਾ ਰਿਪੋਰਟ ਅਤੇ ਸਿਫਾਰਸ਼ ਦੀ ਇੱਕ ਕਾਪੀ ਪ੍ਰਾਪਤ ਹੋਵੇਗੀ।
- ਜੱਜ ਦਾ ਫੈਸਲਾ ਇੰਟਰਨੈੱਟ ਅਤੇ OATH ਦੀ ਵੈੱਬਸਾਈਟ 'ਤੇ ਵੀ ਪੋਸਟ ਕੀਤਾ ਜਾਂਦਾ ਹੈ: 'ਫੈਸਲੇ (Decisions)' ਖੋਜੋ - OATH (nyc.gov).
- ਚੇਅਰਪਰਸਨ ਵੱਲੋਂ ਅੰਤਿਮ ਫੈਸਲਾ ਲਿੱਤੇ ਜਾਣ ਤੋਂ ਪਹਿਲਾਂ ਤੁਸੀਂ TLC ਚੇਅਰਪਰਸਨ ਨੂੰ ਲਿਖਤੀ ਟਿੱਪਣੀਆਂ ਕਰ ਸਕਦੇ ਹੋ।
- ਜੇਕਰ TLC ਤੁਹਾਡੇ ਖਿਲਾਫ ਫੈਸਲਾ ਦਿੰਦਾ ਹੈ, ਤਾਂ ਤੁਸੀਂ TLC ਦੇ ਅੰਤਿਮ ਫੈਸਲੇ ਨੂੰ ਨਿਊਯਾਰਕ ਸਟੇਟ ਸੁਪਰੀਮ ਕੋਰਟ ਵਿੱਚ ਅਪੀਲ ਕਰ ਸਕਦੇ ਹੋ।
    - ਇਸ ਬਾਬਤ ਇੱਕ ਛੋਟ ਹੈ: ਸਵਾਰੀਆਂ ਜਾਂ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੇ ਮਾਮਲੇ ਵਿੱਚ, ਤੁਹਾਨੂੰ ਨਿਊਯਾਰਕ ਸਟੇਟ ਸੁਪਰੀਮ ਕੋਰਟ ਵਿੱਚ ਜਾਣ ਤੋਂ ਪਹਿਲਾਂ ਪਹਿਲਾਂ ਪੂਰੀ ਕਮਿਸ਼ਨ ਕੋਲ ਅਪੀਲ ਕਰਨੀ ਚਾਹੀਦੀ ਹੈ।

# ਤੁਹਾਨੂੰ OATH ਵਿਖੇ ਸੁਣਵਾਈ ਕੀਤੇ ਗਏ TLC ਕੇਸਾਂ ਦੀਆਂ ਖਾਸ ਕਿਸਮਾਂ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ




## 1. ਗਿਰਫ਼ਤਾਰੀ ਦੇ ਕੇਸ

ਜੇਕਰ ਤੁਹਾਨੂੰ ਪੁਲਿਸ ਦੁਆਰਾ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ TLC ਨੂੰ ਰਾਜ ਵੱਲੋਂ ਇੱਕ ਨੋਟਿਸ ਮਿਲਦਾ ਹੈ ਕਿ ਤੁਹਾਨੂੰ ਗਿਰਫ਼ਤਾਰ ਕੀਤਾ ਗਿਆ ਸੀ। TLC ਪਹਿਲਾਂ ਤੁਹਾਡੇ ਲਾਇਸੈਂਸ ਨੂੰ ਮੁਅੱਤਲ ਕਰ ਸਕਦਾ ਹੈ, ਅਤੇ ਫਿਰ ਤੁਹਾਨੂੰ OATH ਵਿਖੇ ਇੱਕ ਮੁਕੱਦਮਾ ਦੇ ਸਕਦਾ ਹੈ। TLC ਆਪਣੇ ਨਿਯਮਾਂ ਅਧੀਨ ਅਤੇ ਜਨਤਕ ਸੁਰੱਖਿਆ ਬਾਰੇ ਆਪਣੀਆਂ ਚਿੰਤਾਵਾਂ ਦੇ ਕਾਰਨ ਅਜਿਹਾ ਕਰ ਸਕਦਾ ਹੈ। ਜੇਕਰ ਤੁਹਾਡਾ ਲਾਇਸੈਂਸ ਇਸ ਲਈ ਮੁਅੱਤਲ ਕੀਤਾ ਗਿਆ ਹੈ ਕਿਉਂਕਿ ਤੁਹਾਨੂੰ ਗਿਰਫ਼ਤਾਰ ਕੀਤਾ ਗਿਆ ਸੀ, ਤਾਂ ਤੁਹਾਡੇ ਕੋਲ ਆਪਣੇ ਲਾਇਸੈਂਸ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਰਨ ਲਈ ਮੁਕੱਦਮਾ ਕਰਨ ਦਾ ਅਧਿਕਾਰ ਹੈ।

### ਜੇਕਰ ਮੈਂ ਸਮਝੌਤਾ ਨਹੀਂ ਕਰਦਾ/ਕਰਦੀ ਹਾਂ ਤਾਂ ਮੇਰੇ ਮੁਕੱਦਮੇ 'ਤੇ ਕੀ ਹੁੰਦਾ ਹੈ?

- TLC ਇਹ ਸਾਬਤ ਕਰਨ ਲਈ ਜੱਜ ਨੂੰ ਗਿਰਫ਼ਤਾਰੀ ਨੋਟਿਸ ਅਤੇ ਹੋਰ ਦਸਤਾਵੇਜ਼ਾਂ ਦੀ ਇੱਕ ਕਾਪੀ ਦਿਖਾ ਸਕਦਾ ਹੈ ਕਿ ਤੁਹਾਨੂੰ ਉਸ ਕਾਗਜ਼ 'ਤੇ ਸੂਚੀਬੱਧ ਦੋਸ਼ਾਂ ਲਈ ਗਿਰਫ਼ਤਾਰ ਕੀਤਾ ਗਿਆ ਹੈ।
- ਇਸ ਕੇਸ ਵਿੱਚ ਸਵਾਲ ਇਹ ਹੈ ਕਿ ਕੀ ਕੀ ਤੁਹਾਡਾ ਲਾਇਸੈਂਸ ਅਪਰਾਧਿਕ ਕੇਸ ਖਤਮ ਹੋਣ ਤੱਕ ਮੁਅੱਤਲ ਹੀ ਰਹੇਗਾ। ਜੱਜ ਇਸ ਬਾਰੇ TLC ਨੂੰ ਰਿਪੋਰਟ ਅਤੇ ਸਿਫਾਰਸ਼ ਕਰੇਗਾ। ਤੁਸੀਂ OATH ਵਿਖੇ ਪੇਸ਼ ਹੋਣ ਤੋਂ ਪਹਿਲਾਂ ਆਪਣੇ ਅਪਰਾਧਿਕ ਵਕੀਲ ਨਾਲ ਸਲਾਹ-ਮਸ਼ਵਰਾ ਕਰਨਾ ਚਾਹ ਸਕਦੇ ਹੋ, ਖਾਸ ਤੌਰ 'ਤੇ ਜੇਕਰ ਅਪਰਾਧਿਕ ਦੋਸ਼ ਅਜੇ ਵੀ ਲੰਬਿਤ ਹਨ।
- TLC ਨੂੰ ਜੱਜ ਨੂੰ ਯਕੀਨ ਦਿਵਾਉਣਾ ਹੋਵੇਗਾ ਕਿ ਤੁਹਾਡੀ ਗਿਰਫ਼ਤਾਰੀ ਦੇ ਅਧੀਨ ਦੋਸ਼, ਜੇਕਰ ਸੱਚ ਮੰਨੇ ਜਾਂਦੇ ਹਨ, ਇਹ ਦਰਸਾਉਂਦੇ ਹਨ ਕਿ ਤੁਹਾਡੇ ਵੱਲੋਂ ਅਪਰਾਧਿਕ ਦੋਸ਼ਾਂ 'ਤੇ ਫੈਸਲੇ ਨੂੰ ਲੈ ਕੇ ਉਡੀਕ ਕੀਤੇ ਜਾਣ 'ਤੇ ਲਾਇਸੈਂਸ ਦਾ ਜਾਰੀ ਰਹਿਣਾ **"ਜਨਤਕ ਸਿਹਤ ਜਾਂ ਸੁਰੱਖਿਆ ਲਈ ਸਿੱਧਾ ਅਤੇ ਵੱਡਾ ਖ਼ਤਰਾ ਪੈਦਾ ਕਰੇਗਾ।"**
    - ਉਦਾਹਰਨ ਲਈ, TLC ਇਹ ਦਲੀਲ ਦੇ ਸਕਦਾ ਹੈ ਕਿ ਸ਼ਰਾਬ ਪੀ ਕੇ ਗੱਡੀ ਚਲਾਉਣਾ ਜਾਂ ਕੁੱਟਮਾਰ ਕਰਨ ਦੇ ਇਲਜ਼ਾਮ ਜਨਤਕ ਸੜਕਾਂ 'ਤੇ ਆਮ ਜਨਤਾ ਦੇ ਗੱਡੀ ਚਲਾਉਣ ਦੇ ਕੰਮ ਨਾਲ ਬਹੁਤ ਸੰਬੰਧਤ ਹਨ।
- ਤੁਸੀਂ ਕਹਾਣੀ ਦਾ ਆਪਣਾ ਪੱਖ ਦੱਸ ਸਕਦੇ ਹੋ ਜਾਂ ਆਪਣੇ ਵਕੀਲ ਨੂੰ ਤੁਹਾਡੇ ਵੱਲੋਂ ਦਲੀਲ ਪੇਸ਼ ਕਰਨ ਲਈ ਕਹਿ ਸਕਦੇ ਹੋ।

## ਕੀ ਮੈਨੂੰ ਸਬੂਤ ਦੀ ਵਰਤੋਂ ਕਰਨੀ ਚਾਹੀਦੀ ਹੈ?

- ਇਹ ਤੁਹਾਡੇ ਉੱਪਰ ਹੈ। ਇਹ ਫੈਸਲਾ ਤੁਸੀਂ ਕਰਨਾ ਹੈ ਕਿ ਕਿਹੜਾ ਸਬੂਤ ਪੇਸ਼ ਕਰਨਾ ਹੈ।
- ਹੋਰ ਚੀਜ਼ਾਂ ਸਮੇਤ, ਤੁਸੀਂ ਇਹ ਦਿਖਾਉਣ ਵਾਲੇ ਸਬੂਤ ਪੇਸ਼ ਕਰ ਸਕਦੇ ਹੋ:

a) ਅਪਰਾਧਿਕ ਦੋਸ਼ਾਂ ਦੇ ਅਧੀਨ ਵਿਸ਼ੇਸ਼ ਤੱਥ ਅਤੇ ਹਾਲਾਤ, ਜਿਸ ਵਿੱਚ ਕਥਿਤ ਅਪਰਾਧ ਅਤੇ TLC ਦੁਆਰਾ ਲਾਇਸੈਂਸਸ਼ੁਦਾ ਡਰਾਈਵਰ ਵਜੋਂ ਤੁਹਾਡੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਵਿਚਕਾਰ ਸੰਬੰਧ ਸ਼ਾਮਲ ਹਨ।

- ਜਦੋਂ ਤੁਹਾਨੂੰ ਗਿਰਫ਼ਤਾਰ ਕੀਤਾ ਗਿਆ ਸੀ ਤਾਂ ਕੀ ਹੋ ਰਿਹਾ ਸੀ?
- ਕੀ ਤੁਸੀਂ ਉਹ ਵਿਅਕਤੀ ਹੋ ਜਿਸਨੂੰ ਗਿਰਫ਼ਤਾਰ ਕੀਤਾ ਗਿਆ ਸੀ?
- ਕੀ ਤੁਹਾਡੇ 'ਤੇ ਅਸਲ ਵਿੱਚ ਉਨ੍ਹਾਂ ਅਪਰਾਧਾਂ ਦਾ ਇਲਜ਼ਾਮ ਲਗਾਇਆ ਗਿਆ ਸੀ ਜੋ ਇਲਜ਼ਾਮ TLC ਕਹਿੰਦਾ ਹੈ ਕਿ ਤੁਹਾਡੇ 'ਤੇ ਲਗਾਏ ਗਏ ਸਨ?
- ਕੀ ਗਿਰਫ਼ਤਾਰੀ ਤੋਂ ਬਾਅਦ ਦੋਸ਼ ਘਟਾਏ ਗਏ ਜਾਂ ਖਾਰਜ ਕਰ ਦਿੱਤੇ ਗਏ ਸਨ?

b) ਤੁਹਾਡਾ ਡ੍ਰਾਈਵਿੰਗ ਰਿਕਾਰਡ, ਜਿਸ ਵਿੱਚ TLC ਦੇ ਨਿਯਮਾਂ ਜਾਂ TLC ਵੱਲੋਂ ਲਾਇਸੈਂਸਸ਼ੁਦਾ ਟ੍ਰੈਫਿਕ ਜਾਂ ਵਾਹਨਾਂ ਨਾਲ ਸੰਬੰਧਤ ਕਨੂੰਨ ਦੇ ਲਾਗੂ ਪ੍ਰਬੰਧਾਂ ਦੇ ਅਧੀਨ ਗੰਭੀਰ ਉਲੰਘਣਾਵਾਂ ਜਾਂ ਲਾਇਸੈਂਸ ਮੁਅੱਤਲ ਕੀਤੇ ਜਾਣ ਦੇ ਸਾਰੇ ਇਤਿਹਾਸ ਸ਼ਾਮਲ ਹਨ।

c) ਤੁਹਾਡਾ ਪਿਛਲਾ ਅਪਰਾਧਿਕ ਰਿਕਾਰਡ, ਜਾਂ ਇਹ ਤੱਥ ਕਿ ਤੁਹਾਡਾ ਕੋਈ ਪਿਛਲਾ ਅਪਰਾਧਿਕ ਰਿਕਾਰਡ ਨਹੀਂ ਹੈ,

d) ਭਾਈਚਾਰੇ ਵਿੱਚ ਤੁਹਾਡਾ ਚਰਿੱਤਰ ਅਤੇ ਅਹੁਦਾ, ਅਤੇ

e) ਇਸ ਨਾਲ ਸੰਬੰਧਤ ਕੋਈ ਵੀ ਹੋਰ ਸਬੂਤ ਕਿ ਕੀ ਤੁਹਾਡੇ ਅਪਰਾਧਿਕ ਇਲਜ਼ਾਮਾਂ ਦੇ ਹਾਲੇ ਵੀ ਲੰਬਿਤ ਹੁੰਦੇ ਹੋਏ ਤੁਹਾਡੇ ਲਾਇਸੈਂਸ ਨੂੰ ਬਹਾਲ ਕਰਨ ਨਾਲ ਜਨਤਕ ਸਿਹਤ ਜਾਂ ਸੁਰੱਖਿਆ ਨੂੰ ਇੱਕ ਸਿੱਧਾ ਅਤੇ ਵੱਡਾ ਖ਼ਤਰਾ ਹੋਵੇਗਾ। ਤੁਹਾਡੇ ਕੋਲ ਗਿਰਫ਼ਤਾਰੀ ਬਾਰੇ ਹੋਰ ਤੱਥ ਹੋ ਸਕਦੇ ਹਨ ਜਿਨ੍ਹਾਂ ਤੋਂ ਤੁਸੀਂ ਜੱਜ ਨੂੰ ਜਾਣੂ ਕਰਵਾਉਣਾ ਚਾਹੁੰਦੇ ਹੋ।

***** ਜੇਕਰ ਤੁਸੀਂ ਜਾਣਦੇ ਹੋ ਕਿ ਅਪਰਾਧਿਕ ਦੋਸ਼ ਘਟਾਏ ਜਾਣਗੇ ਜਾਂ ਖਾਰਜ ਕੀਤੇ ਜਾਣਗੇ, ਤਾਂ TLC ਵਕੀਲ ਨੂੰ ਦੱਸੋ, ਜੋ ਫਿਰ ਵਿਚਾਰ ਕਰ ਸਕਦਾ ਹੈ ਕਿ ਕੀ ਤੁਹਾਡੇ ਲਾਇਸੈਂਸ ਦੀ ਮੁਅੱਤਲੀ ਨੂੰ ਹਟਾਉਣਾ ਹੈ।*****

## ਕੀ ਮੈਨੂੰ ਗਵਾਹੀ ਦੇਣੀ ਚਾਹੀਦੀ ਹੈ?

- ਫਿਰ ਤੋਂ, ਇਹ ਤੁਹਾਡੇ ਉੱਪਰ ਹੈ। ਗਵਾਹੀ ਦੇਣੀ ਹੈ ਜਾਂ ਨਹੀਂ, ਇਸ ਬਾਰੇ ਤੁਹਾਨੂੰ ਇੱਕ ਮੁਸ਼ਕਲ ਫੈਸਲਾ ਲੈਣਾ ਪੈ ਸਕਦਾ ਹੈ।
- ਤੁਸੀਂ ਆਪਣੇ OATH ਮੁਕੱਦਮੇ ਵਿੱਚ ਗਵਾਹੀ ਦੇਣੀ ਹੈ ਜਾਂ ਨਹੀਂ, ਇਹ ਫੈਸਲਾ ਲੈਣ ਲਈ ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰਨਾ ਸਭ ਤੋਂ ਵਧੀਆ ਰਹਿੰਦਾ ਹੈ।
- ਤੁਹਾਡੇ ਕੋਲ ਸੰਵਿਧਾਨ ਦੀ ਪੰਜਵੀਂ ਸੋਧ ਦੇ ਤਹਿਤ ਗਵਾਹੀ ਨਾ ਦੇਣ ਦਾ ਅਧਿਕਾਰ ਹੈ ਜੇਕਰ ਤੁਹਾਡੀ ਗਵਾਹੀ ਇਹ ਦਰਸਾਉਂਦੀ ਹੋ ਸਕਦੀ ਹੈ ਕਿ ਤੁਸੀਂ ਕਿਸੇ ਅਪਰਾਧ ਦੇ ਦੋਸ਼ੀ ਹੋ।
- ਪਰ ਜੇਕਰ ਤੁਸੀਂ OATH ਵਿਖੇ ਗਵਾਹੀ ਨਾ ਦੇਣ ਦੀ ਚੋਣ ਕਰਦੇ ਹੋ, ਤਾਂ OATH ਜੱਜ ਇਹ ਸਿੱਟਾ ਕੱਢ ਸਕਦਾ ਹੈ ਕਿ ਤੁਹਾਡੀ ਚੁੱਪੀ ਦਾ ਮਤਲਬ ਹੈ ਕਿ ਤੁਹਾਡੀ ਗਵਾਹੀ ਤੁਹਾਡੇ ਹੱਕ ਵਿੱਚ ਨਹੀਂ ਹੋਵੇਗੀ -- ਕਿ ਤੁਸੀਂ TLC ਦੇ ਕਹੇ ਨਾਲ ਸਹਿਮਤ ਹੋ।
- **ਤੁਹਾਡੇ ਵੱਲੋਂ OATH ਵਿਖੇ ਦਿੱਤੀ ਕੋਈ ਵੀ ਗਵਾਹੀ ਤੁਹਾਡੇ ਅਪਰਾਧਿਕ ਕੇਸ ਵਿੱਚ ਤੁਹਾਡੇ ਖਿਲਾਫ ਵਰਤੀ ਜਾ ਸਕਦੀ ਹੈ।**
- ਹਾਲਾਂਕਿ ਗਵਾਹੀ ਦੇਣ ਤੋਂ ਇਨਕਾਰ ਕਰਨ ਨੂੰ ਤੁਹਾਡੇ **ਅਪਰਾਧਿਕ** ਕੇਸ ਵਿੱਚ ਤੁਹਾਡੇ ਖਿਲਾਫ ਨਹੀਂ ਵਰਤਿਆ ਜਾ ਸਕਦਾ, ਪਰ OATH ਵਿਖੇ ਮੁਅੱਤਲੀ ਦਾ ਮੁਕੱਦਮਾ ਵੱਖਰਾ ਹੈ। ਇਹ OATH ਵਿਖੇ **ਨਾਗਰਿਕ**, ਪ੍ਰਬੰਧਕੀ ਕਾਰਵਾਈਆਂ ਹਨ।
- ਜੇ ਤੁਸੀਂ ਗਵਾਹੀ ਦਿੰਦੇ ਹੋ, ਤਾਂ ਤੁਹਾਡੇ ਬਿਆਨ ਸਹੁੰ ਦੇ ਅਧੀਨ ਹੋਣਗੇ।

## ਮੇਰੇ ਮੁਕੱਦਮੇ ਤੋਂ ਬਾਅਦ ਕੀ ਹੋਵੇਗਾ?

- ਜੱਜ ਇੱਕ ਰਿਪੋਰਟ ਅਤੇ ਸਿਫਾਰਸ਼ ਜਾਰੀ ਕਰੇਗਾ।
- ਤੁਹਾਡੇ ਕੋਲ ਰਿਪੋਰਟ ਅਤੇ ਸਿਫ਼ਾਰਸ਼ 'ਤੇ TLC ਲਿਖਤੀ ਟਿੱਪਣੀਆਂ ਜਮ੍ਹਾਂ ਕਰਨ ਦਾ ਅਧਿਕਾਰ ਹੈ।
- TLC ਇੱਕ ਅੰਤਮ ਫੈਸਲਾ ਲਏਗਾ।
- ਜੇਕਰ TLC ਤੁਹਾਡੇ ਖਿਲਾਫ ਫੈਸਲਾ ਲੈਂਦਾ ਹੈ, ਤਾਂ ਤੁਹਾਡਾ ਲਾਇਸੈਂਸ ਮੁਅੱਤਲ ਰਹੇਗਾ।
- ਜੇਕਰ ਤੁਸੀਂ ਜਿੱਤ ਜਾਂਦੇ ਹੋ, ਤਾਂ TLC ਤੁਹਾਡੇ ਲਾਇਸੈਂਸ ਨੂੰ ਬਹਾਲ ਕਰ ਸਕਦਾ ਹੈ।

## 2. ਫਿਟਨੈਸ ਕੇਸ

**ਫਿਟਨੈਸ ਕੇਸਾਂ ਵਿੱਚ ਆਮ ਤੌਰ 'ਤੇ ਇੱਕ TLC ਲਾਇਸੈਂਸ ਦਾ ਸੰਭਾਵੀ ਤੌਰ 'ਤੇ ਵਾਪਸ ਲਿੱਤਾ ਜਾਣਾ ਸ਼ਾਮਲ ਹੁੰਦਾ ਹੈ, ਜਦੋਂ TLC:**

- ਕਿਸੇ ਡਰਾਈਵਰ ਦੇ ਡਰੱਗ ਟੈਸਟ ਵਿੱਚੋਂ ਫੇਲ ਹੋ ਜਾਣ ਦਾ ਇਲਜ਼ਾਮ ਲਗਾਉਂਦਾ ਹੈ।
- ਕਿਸੇ ਅਪਰਾਧਕ ਜੁਰਮ ਦਾ ਇਲਜ਼ਾਮ ਲਗਾਉਂਦਾ ਹੈ, ਜਾਂ
- ਧੋਖਾਧੜੀ ਦਾ ਇਲਜ਼ਾਮ ਲਗਾਉਂਦਾ ਹੈ।

ਤੁਹਾਡਾ TLC ਲਾਇਸੈਂਸ ਵਾਪਸ ਲਿੱਤੇ ਜਾਣ ਤੋਂ ਪਹਿਲਾਂ, ਤੁਹਾਡੇ ਕੋਲ ਫਿਟਨੈਸ ਮੁਕੱਦਮੇ ਦਾ ਅਧਿਕਾਰ ਹੁੰਦਾ ਹੈ।

### ਜੇਕਰ ਮੈਂ ਸਮਝੌਤਾ ਨਹੀਂ ਕਰਦਾ/ਕਰਦੀ ਹਾਂ ਤਾਂ ਮੇਰੇ ਮੁਕੱਦਮੇ 'ਤੇ ਕੀ ਹੁੰਦਾ ਹੈ?

- **ਕੀ ਤੁਹਾਡੇ 'ਤੇ ਡਰੱਗ ਟੈਸਟ ਵਿਚ ਫੇਲ੍ਹ ਰਹਿਣ ਦਾ ਇਲਜ਼ਾਮ ਲਗਾਇਆ ਗਿਆ ਸੀ?**
  - ਮੁਕੱਦਮੇ 'ਤੇ, TLC ਇਹ ਦਿਖਾਉਣ ਦੀ ਕੋਸ਼ਿਸ਼ ਕਰਨ ਲਈ ਪਾਜ਼ਿਟਿਵ ਡਰੱਗ ਟੈਸਟ ਦਾ ਸਬੂਤ ਪੇਸ਼ ਕਰ ਸਕਦਾ ਹੈ ਕਿ ਤੁਸੀਂ ਗੈਰ-ਕਨੂੰਨੀ ਨਸ਼ਿਆਂ ਦੀ ਵਰਤੋਂ ਕੀਤੀ ਹੈ ਅਤੇ ਤੁਹਾਡੇ ਕੋਲ TLC ਲਾਇਸੈਂਸ ਨਹੀਂ ਹੋਣਾ ਚਾਹੀਦਾ ਹੈ।
  - TLC ਨੂੰ ਜੱਜ ਨੂੰ ਮਨਾਉਣਾ ਹੋਵੇਗਾ ਹੈ ਕਿ ਪਾਜ਼ਿਟਿਵ ਡਰੱਗ ਟੈਸਟ ਤੁਹਾਨੂੰ TLC ਲਾਇਸੈਂਸ ਰੱਖਣ ਲਈ ਅਯੋਗ ਬਣਾਉਂਦਾ ਹੈ।
  - ਤੁਸੀਂ ਕਹਾਣੀ ਦਾ ਆਪਣਾ ਪੱਖ ਦੱਸ ਸਕਦੇ ਹੋ ਜਾਂ ਆਪਣੇ ਵਕੀਲ ਨੂੰ ਤੁਹਾਡੇ ਵੱਲੋਂ ਦਲੀਲ ਪੇਸ਼ ਕਰਨ ਲਈ ਕਹਿ ਸਕਦੇ ਹੋ।

## ਕੀ ਮੈਨੂੰ ਸਬੂਤ ਦੀ ਵਰਤੋਂ ਕਰਨੀ ਚਾਹੀਦੀ ਹੈ?

- ਜੇਕਰ ਤੁਸੀਂ ਪ੍ਰੀਸਕ੍ਰਿਪਸ਼ਨ ਵਾਲੀਆਂ ਦਵਾਈਆਂ ਲੈ ਰਹੇ ਹੋ ਜੋ ਪਾਜ਼ਿਟਿਵ ਡਰੱਗ ਟੈਸਟ ਦਾ ਕਾਰਨ ਬਣ ਸਕਦੀਆਂ ਹਨ, ਤਾਂ ਤੁਹਾਨੂੰ TLC ਤੋਂ ਪ੍ਰਾਪਤ ਨੋਟਿਸ ਵਿੱਚ ਨਿਰਦੇਸ਼ ਦਿੱਤੇ ਅਨੁਸਾਰ ਮੈਡੀਕਲ ਰੀਵਿਊ ਸਰਵਿਸ ਨੂੰ ਤੁਰੰਤ ਪ੍ਰੀਸਕ੍ਰਿਪਸ਼ਨ ਦੀਆਂ ਕਾਪੀਆਂ ਭੇਜਣੀਆਂ ਚਾਹੀਦੀਆਂ ਹਨ।

- ਜੇਕਰ ਮੈਡੀਕਲ ਰੀਵਿਊ ਸਰਵਿਸ ਰਿਪੋਰਟ ਕਰਦੀ ਹੈ ਕਿ ਪ੍ਰੀਸਕ੍ਰਿਪਸ਼ਨ ਵਾਲੀ ਦਵਾਈ ਦੇ ਨਤੀਜੇ ਵਜੋਂ ਪਾਜ਼ਿਟਿਵ ਟੈਸਟ ਨਹੀਂ ਆਇਆ ਹੈ, ਤਾਂ ਮੁਕੱਦਮਾ ਸੰਭਾਵਤ ਤੌਰ 'ਤੇ ਅੱਗੇ ਵਧੇਗਾ।

- ਜੇਕਰ ਮੈਡੀਕਲ ਰੀਵਿਊ ਸਰਵਿਸ ਰਿਪੋਰਟ ਕਰਦੀ ਹੈ ਕਿ ਪ੍ਰੀਸਕ੍ਰਿਪਸ਼ਨ ਵਾਲੀ ਦਵਾਈ ਦੇ ਨਤੀਜੇ ਵਜੋਂ ਪਾਜ਼ਿਟਿਵ ਟੈਸਟ ਆਇਆ ਹੈ, ਤਾਂ TLC ਤੁਹਾਡੇ ਕੇਸ ਦਾ ਮੁੜ ਮੁਲਾਂਕਣ ਕਰ ਸਕਦਾ ਹੈ। (ਪ੍ਰੀਸਕ੍ਰਿਪਸ਼ਨ 'ਤੇ ਨਿਰਭਰ ਕਰਦੇ ਹੋਏ, ਇਹ ਸੰਭਵ ਹੈ ਕਿ ਪ੍ਰੀਸਕ੍ਰਿਪਸ਼ਨ ਕੇਸ ਨੂੰ ਹੱਲ ਕਰ ਸਕਦਾ ਹੈ।)

- ਤੁਹਾਨੂੰ ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਉਹੀ ਵਿਅਕਤੀ ਹੋ ਜਿਸਦਾ ਟੈਸਟ ਕੀਤਾ ਗਿਆ ਸੀ ਅਤੇ ਇਹ ਕਿ ਲੈਬ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਗਈ ਸੀ, ਤੁਹਾਡੇ ਕੋਲ ਇੱਕ ਡਰੱਗ ਟੈਸਟ ਕੇਸ ਵਿੱਚ ਲੈਬ ਰਿਪੋਰਟ ਦੀ ਸਮੀਖਿਆ ਕਰਨ ਦਾ ਅਧਿਕਾਰ ਹੈ।

- ਤੁਸੀਂ ਫੈਸਲਾ ਕਰ ਸਕਦੇ ਹੋ ਕਿ ਕੀ ਤੁਸੀਂ ਜੱਜ ਨੂੰ ਇਹ ਸਮਝਾਉਣਾ ਚਾਹੁੰਦੇ ਹੋ ਕਿ ਤੁਹਾਨੂੰ ਕਿਉਂ ਲੱਗਦਾ ਹੈ ਕਿ ਤੁਹਾਡਾ ਇੱਕ ਗੈਰ-ਕਨੂੰਨੀ ਡਰੱਗ ਲਈ ਪਾਜ਼ਿਟਿਵ ਨਤੀਜਾ ਆਇਆ ਹੈ।

- ਤੁਸੀਂ ਕਹਾਣੀ ਦਾ ਆਪਣਾ ਪੱਖ ਦੱਸ ਸਕਦੇ ਹੋ ਜਾਂ ਆਪਣੇ ਵਕੀਲ ਨੂੰ ਤੁਹਾਡੇ ਵੱਲੋਂ ਦਲੀਲ ਪੇਸ਼ ਕਰਨ ਲਈ ਕਹਿ ਸਕਦੇ ਹੋ।

### ਕੀ ਤੁਹਾਡੇ 'ਤੇ ਅਪਰਾਧਿਕ ਜੁਰਮ ਦਾ ਇਲਜ਼ਾਮ ਲਗਾਇਆ ਗਿਆ ਸੀ?

- TLC ਇੱਕ ਅਪਰਾਧਿਕ ਦੋਸ਼ੀ ਹੋਣ ਦਾ ਸਬੂਤ ਪੇਸ਼ ਕਰ ਸਕਦਾ ਹੈ।
- TLC ਨੂੰ ਜੱਜ ਨੂੰ ਮਨਾਉਣਾ ਹੋਵੇਗਾ ਕਿ ਤੁਹਾਡੀ ਅਪਰਾਧਿਕ ਸਜ਼ਾ ਤੁਹਾਨੂੰ TLC ਲਾਇਸੈਂਸ ਰੱਖਣ ਲਈ ਅਯੋਗ ਬਣਾਉਂਦਾ ਹੈ।

- ਜੱਜ ਨੂੰ ਦੱਸੋ ਜੇਕਰ ਤੁਹਾਨੂੰ ਪਤਾ ਹੈ ਕਿ ਅਪੀਲ 'ਤੇ ਤੁਹਾਡੇ ਦੋਸ਼ੀ ਠਹਿਰਾਏ ਜਾਣ ਨੂੰ ਰੱਦ ਕਰ ਦਿੱਤਾ ਗਿਆ ਹੈ।
- ਤੁਸੀਂ ਜੱਜ ਨੂੰ ਇਹ ਵੀ ਦੱਸ ਸਕਦੇ ਹੋ ਕਿ ਤੁਹਾਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਕਿੰਨਾ ਸਮਾਂ ਬੀਤ ਗਿਆ ਹੈ ਅਤੇ ਜੇਕਰ ਉਦੋਂ ਤੋਂ ਤੁਹਾਡੀ ਜ਼ਿੰਦਗੀ ਵਿੱਚ ਕੁਝ ਬਦਲਿਆ ਹੈ।
- ਤੁਸੀਂ ਕਹਾਣੀ ਦਾ ਆਪਣਾ ਪੱਖ ਦੱਸ ਸਕਦੇ ਹੋ ਜਾਂ ਆਪਣੇ ਵਕੀਲ ਨੂੰ ਤੁਹਾਡੇ ਵੱਲੋਂ ਦਲੀਲ ਪੇਸ਼ ਕਰਨ ਲਈ ਕਹਿ ਸਕਦੇ ਹੋ।

## ਕੀ ਤੁਹਾਡੇ 'ਤੇ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਸੀ?

- TLC ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ ਕਿ ਤੁਹਾਡੇ ਪਛਾਣ ਪੱਤਰ ਫਰਜ਼ੀ ਹਨ ਜਾਂ ਤੁਸੀਂ ਕਿਸੇ ਹੋਰ ਡਰਾਈਵਿੰਗ ਲਾਇਸੈਂਸ ਦੀ ਵਰਤੋਂ ਕੀਤੀ ਹੈ, ਅਤੇ ਇਹ ਬੇਈਮਾਨੀ ਭਰਿਆ ਵਰਤਾਅ ਤੁਹਾਨੂੰ TLC ਲਾਇਸੈਂਸ ਰੱਖਣ ਲਈ ਅਯੋਗ ਬਣਾ ਦਿੰਦਾ ਹੈ।
- ਧੋਖਾਧੜੀ ਦੇ ਕੇਸਾਂ ਵਿੱਚ ਇੱਕ ਅਜਿਹਾ ਡਰਾਈਵਰ ਸ਼ਾਮਲ ਹੋ ਸਕਦਾ ਹੈ ਜੋ ਫਰਜ਼ੀ ਪਛਾਣ ਪੱਤਰ ਦਾਇਰ ਕਰਦਾ ਹੈ, ਜਾਂ ਕਿਸੇ ਹੋਰ ਦੇ ਲਾਇਸੈਂਸ ਦੀ ਵਰਤੋਂ ਕਰਦਾ ਹੈ ਕਿਉਂਕਿ ਡਰਾਈਵਰ ਨੂੰ ਮੁਅੱਤਲ ਕੀਤਾ ਗਿਆ ਹੈ ਜਾਂ ਸਹੀ ਪਛਾਣ ਪੱਤਰ ਪੇਸ਼ ਨਹੀਂ ਕਰ ਸਕਦਾ ਹੈ।
- ਕਿਸੇ ਦੀ ਪਛਾਣ ਬਾਰੇ ਗਲਤੀ ਲੱਗ ਸਕਦੀ ਹੈ। ਜੇਕਰ ਅਜਿਹਾ ਹੈ, ਤਾਂ ਤੁਸੀਂ ਆਪਣੇ ਮੁਕੱਦਮੇ 'ਤੇ ਇਸ ਨੂੰ ਸਮਝਾ ਸਕਦੇ ਹੋ। ਤੁਸੀਂ ਉਨ੍ਹਾਂ ਗਵਾਹਾਂ ਨੂੰ ਵੀ ਲਿਆ ਸਕਦੇ ਹੋ ਜੋ ਤੁਹਾਨੂੰ ਜਾਣਦੇ ਹਨ।
- ਤੁਸੀਂ ਕਹਾਣੀ ਦਾ ਆਪਣਾ ਪੱਖ ਦੱਸ ਸਕਦੇ ਹੋ ਜਾਂ ਆਪਣੇ ਵਕੀਲ ਨੂੰ ਤੁਹਾਡੇ ਵੱਲੋਂ ਦਲੀਲ ਪੇਸ਼ ਕਰਨ ਲਈ ਕਹਿ ਸਕਦੇ ਹੋ।

## ਮੇਰੇ ਮੁਕੱਦਮੇ ਤੋਂ ਬਾਅਦ ਕੀ ਹੋਵੇਗਾ?

- ਜੱਜ ਇੱਕ ਰਿਪੋਰਟ ਅਤੇ ਸਿਫਾਰਸ਼ ਜਾਰੀ ਕਰੇਗਾ।
- ਤੁਹਾਡੇ ਕੋਲ ਰਿਪੋਰਟ ਅਤੇ ਸਿਫ਼ਾਰਸ਼ 'ਤੇ TLC ਲਿਖਤੀ ਟਿੱਪਣੀਆਂ ਜਮ੍ਹਾਂ ਕਰਨ ਦਾ ਅਧਿਕਾਰ ਹੈ।
- TLC ਇੱਕ ਅੰਤਮ ਫੈਸਲਾ ਲਏਗਾ।
- ਜੇਕਰ TLC ਤੁਹਾਡੇ ਖਿਲਾਫ ਫੈਸਲਾ ਸੁਣਾਉਂਦਾ ਹੈ, ਤਾਂ ਤੁਹਾਡਾ ਲਾਇਸੈਂਸ ਰੱਦ ਜਾਂ ਮੁਅੱਤਲ ਕੀਤਾ ਜਾ ਸਕਦਾ ਹੈ, ਅਤੇ TLC ਹੋਰ ਸਜ਼ਾਵਾਂ ਅਤੇ/ਜਾਂ ਪੈਸਿਆਂ ਦਾ ਜੁਰਮਾਨਾ ਲਗਾ ਸਕਦਾ ਹੈ। ਕੁਝ ਮਾਮਲਿਆਂ ਵਿੱਚ ਪੁਆਇੰਟਾਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ।
- ਜੇਕਰ ਤੁਸੀਂ ਮੁਕੱਦਮੇ ਵਿੱਚ ਜਿੱਤ ਜਾਂਦੇ ਹੋ ਅਤੇ TLC ਜੱਜ ਦੀ ਸਿਫ਼ਾਰਸ਼ ਨਾਲ ਸਹਿਮਤ ਹੁੰਦਾ ਹੈ, ਤਾਂ ਤੁਹਾਡਾ ਲਾਇਸੈਂਸ ਵਾਪਸ ਨਹੀਂ ਲਿੱਤਾ ਜਾਵੇਗਾ।



## 3. ਪਾਲਣਾ ਸੰਬੰਧੀ ਕੇਸ

**ਪਾਲਣਾ ਸੰਬੰਧੀ ਕੇਸਾਂ ਵਿੱਚ ਆਮ ਤੌਰ 'ਤੇ ਇਹ ਦਾਅਵਾ ਸ਼ਾਮਲ ਹੁੰਦਾ ਹੈ ਕਿ ਇੱਕ ਡਰਾਈਵਰ ਜਾਂ ਮਡੈਲੀਅਨ ਦਾ ਮਾਲਕ ਜਾਂ ਬੇਸ ਦਾ ਮਾਲਕ TLC ਦੀਆਂ ਹਿਦਾਇਤਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ। ਉਦਾਹਰਨ ਲਈ:**

- ਕਿਰਾਏ ਜਾਂ ਟ੍ਰਿਪ ਬਾਰੇ ਜਾਣਕਾਰੀ ਦੇਣ ਵਿੱਚ ਅਸਫਲਤਾ,
- TLC ਜਾਂ ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਮੰਗੇ ਗਏ ਦਸਤਾਵੇਜ਼ ਦੇਣ ਵਿੱਚ ਅਸਫਲਤਾ,
- ਛੋਟੇ ਦਾਅਵਿਆਂ ਜਾਂ ਹੋਰ ਅਦਾਲਤੀ ਫੈਸਲਿਆਂ ਦਾ ਭੁਗਤਾਨ ਕਰਨ ਵਿੱਚ ਅਸਫਲਤਾ,
- ਇੱਕ TLC ਇੰਟਰਵਿਊ ਵਿਖੇ ਹਾਜ਼ਰ ਹੋਣ ਵਿੱਚ ਅਸਫਲਤਾ, ਜਾਂ
- ਚਾਈਲਡ ਸਪੋਰਟ ਬਾਰੇ ਜਾਣਕਾਰੀ ਦੇਣ ਵਿੱਚ ਅਸਫਲਤਾ।

ਤੁਹਾਡੇ TLC ਲਾਇਸੈਂਸ ਨੂੰ ਮੁਅੱਤਲ ਕੀਤੇ ਜਾਣ ਤੋਂ ਪਹਿਲਾਂ ਤੁਹਾਡੇ ਕੋਲ ਮੁਕੱਦਮਾ ਚਲਾਉਣ ਦਾ ਅਧਿਕਾਰ ਹੈ।

## ਕੀ ਮੈਨੂੰ ਸਬੂਤ ਦੀ ਵਰਤੋਂ ਕਰਨੀ ਚਾਹੀਦੀ ਹੈ?

- ਮੁਕੱਦਮੇ ਲਈ ਦਸਤਾਵੇਜ਼ ਲਿਆਓ ਜੇਕਰ ਤੁਹਾਡੇ ਕੋਲ ਅਜਿਹੇ ਕਾਗਜ਼ਾਤ ਹਨ ਜੋ ਇਹ ਦਰਸਾਉਂਦੇ ਹਨ ਕਿ ਤੁਸੀਂ ਪਹਿਲਾਂ ਹੀ TLC ਦੇ ਨਿਰਦੇਸ਼ਾਂ ਦੀ ਪਾਲਣਾ ਕਰ ਚੁੱਕੇ ਹੋ ਜਾਂ ਉਸਦੀ ਪਾਲਣਾ ਕਰੋਗੇ।
- ਤੁਸੀਂ ਕਹਾਣੀ ਦਾ ਆਪਣਾ ਪੱਖ ਦੱਸ ਸਕਦੇ ਹੋ ਜਾਂ ਆਪਣੇ ਵਕੀਲ ਨੂੰ ਤੁਹਾਡੇ ਵੱਲੋਂ ਦਲੀਲ ਪੇਸ਼ ਕਰਨ ਲਈ ਕਹਿ ਸਕਦੇ ਹੋ।

## ਮੇਰੇ ਮੁਕੱਦਮੇ ਤੋਂ ਬਾਅਦ ਕੀ ਹੋਵੇਗਾ?

- ਜੱਜ ਇੱਕ ਰਿਪੋਰਟ ਅਤੇ ਸਿਫਾਰਸ਼ ਜਾਰੀ ਕਰੇਗਾ।
- ਤੁਹਾਡੇ ਕੋਲ ਰਿਪੋਰਟ ਅਤੇ ਸਿਫ਼ਾਰਸ਼ 'ਤੇ TLC ਲਿਖਤੀ ਟਿੱਪਣੀਆਂ ਜਮ੍ਹਾਂ ਕਰਨ ਦਾ ਅਧਿਕਾਰ ਹੈ।
- TLC ਇੱਕ ਅੰਤਮ ਫੈਸਲਾ ਲਏਗਾ।
- ਜੇਕਰ TLC ਤੁਹਾਡੇ ਖਿਲਾਫ ਫੈਸਲਾ ਸੁਣਾਉਂਦਾ ਹੈ, ਤਾਂ ਤੁਹਾਡਾ ਲਾਇਸੈਂਸ ਮੁਅੱਤਲ ਕੀਤਾ ਜਾ ਸਕਦਾ ਹੈ, ਅਤੇ TLC ਤੁਹਾਡੇ TLC ਲਾਇਸੈਂਸ 'ਤੇ ਪੈਸਿਆਂ ਦਾ ਜੁਰਮਾਨਾ ਲਗਾ ਸਕਦਾ ਹੈ ਅਤੇ ਪੁਆਇੰਟ ਘਟਾ ਸਕਦਾ ਹੈ।
- ਜੇਕਰ ਤੁਸੀਂ ਮੁਕੱਦਮੇ ਵਿੱਚ ਜਿੱਤ ਜਾਂਦੇ ਹੋ ਅਤੇ TLC ਜੱਜ ਦੀ ਸਿਫ਼ਾਰਸ਼ ਨਾਲ ਸਹਿਮਤ ਹੁੰਦਾ ਹੈ, ਤਾਂ ਤੁਹਾਡਾ ਲਾਇਸੈਂਸ ਵਾਪਸ ਨਹੀਂ ਲਿੱਤਾ ਜਾਵੇਗਾ।



## 4. ਓਵਰਚਾਰਜ ਕੇਸ

**ਓਵਰਚਾਰਜ ਦੇ ਕੇਸਾਂ ਵਿੱਚ ਇੱਕ TLC ਲਾਇਸੈਂਸ ਨੂੰ ਰੱਦ ਕਰਨਾ ਜਾਂ ਮੁਅੱਤਲ ਕਰਨਾ ਸ਼ਾਮਲ ਹੈ, ਜਿਸ ਵਿੱਚ ਸਵਾਰੀਆਂ ਤੋਂ ਸ਼ਹਿਰ ਵਿੱਚ ਸ਼ੁਰੂ ਹੋਣ ਅਤੇ ਖਤਮ ਹੋਣ ਵਾਲੀਆਂ ਯਾਤਰਾਵਾਂ ਲਈ ਸ਼ਹਿਰ ਤੋਂ ਬਾਹਰ ਦਾ ਰੇਟ ਵਸੂਲਿਆ ਜਾਂਦਾ ਹੈ, ਜਾਂ ਕਿਸੇ ਹੋਰ ਕਿਸਮ ਦਾ ਓਵਰਚਾਰਜ ਵਸੂਲਿਆ ਜਾਂਦਾ ਹੈ। ਸਵਾਰੀਆਂ TLC ਨੂੰ ਸ਼ਿਕਾਇਤ ਕਰ ਸਕਦੀਆਂ ਹਨ ਕਿ ਇੱਕ TLC-ਲਾਇਸੈਂਸਸ਼ੁਦਾ ਡਰਾਈਵਰ ਨੇ ਉਹਨਾਂ ਤੋਂ ਬਹੁਤ ਜ਼ਿਆਦਾ ਪੈਸੇ ਲਏ ਹਨ।**

ਇਸ ਤੋਂ ਪਹਿਲਾਂ ਕਿ ਤੁਹਾਡਾ TLC ਲਾਇਸੈਂਸ ਖੋਹਿਆ ਜਾ ਸਕੇ, ਤੁਹਾਡੇ ਕੋਲ ਮੁਕੱਦਮਾ ਚਲਾਉਣ ਦਾ ਅਧਿਕਾਰ ਹੈ।

## ਜੇਕਰ ਮੈਂ ਸਮਝੌਤਾ ਨਹੀਂ ਕਰਦਾ/ਕਰਦੀ ਹਾਂ ਤਾਂ ਮੇਰੇ ਮੁਕੱਦਮੇ 'ਤੇ ਕੀ ਹੁੰਦਾ ਹੈ?

- TLC ਇਹ ਦਿਖਾਉਣ ਦੀ ਕੋਸ਼ਿਸ਼ ਕਰਨ ਲਈ GPS ਕੰਪਿਊਟਰ ਰਿਕਾਰਡ ਦੀ ਵਰਤੋਂ ਕਰ ਸਕਦਾ ਹੈ ਕਿ ਤੁਸੀਂ ਸਵਾਰੀਆਂ ਤੋਂ ਬਹੁਤ ਜ਼ਿਆਦਾ ਪੈਸੇ ਲਏ ਹਨ।
- ਇਹਨਾਂ ਵਿੱਚੋਂ ਕੁਝ ਮਾਮਲੇ ਮੀਟਰ ਦੇ ਰੇਟਾਂ ਬਾਰੇ ਹੁੰਦੇ ਹਨ। ਸ਼ਹਿਰ ਤੋਂ ਬਾਹਰ ਦੇ ਰੇਟ ਨੂੰ "ਰੇਟ 4" ਵਜੋਂ ਜਾਣਿਆ ਜਾਂਦਾ ਹੈ।
- ਤੁਸੀਂ ਇਹ ਦੇਖਣ ਲਈ GPS ਰਿਕਾਰਡਾਂ ਦੀ ਸਮੀਖਿਆ ਕਰ ਸਕਦੇ ਹੋ ਕਿ ਕੀ ਉਹ ਤੁਹਾਨੂੰ ਸਹੀ ਲੱਗਦੇ ਹਨ। ਜੇਕਰ ਤੁਹਾਨੂੰ ਲੱਗਦਾ ਕਿ ਉਸ ਵਿੱਚ ਗਲਤੀਆਂ ਹਨ, ਤਾਂ ਤੁਸੀਂ ਉਹਨਾਂ ਨੂੰ ਜੱਜ ਦੇ ਧਿਆਨ ਵਿੱਚ ਲਿਆ ਸਕਦੇ ਹੋ।
- ਇੱਕ ਵਕੀਲ ਇਹ ਪਤਾ ਲਗਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਕੀ ਤੁਹਾਡੇ ਕੋਲ ਕੇਸ ਲੜਨ ਲਈ ਕੋਈ ਹੋਰ ਆਧਾਰ ਹੈ।
- ਤੁਸੀਂ ਕਹਾਣੀ ਦਾ ਆਪਣਾ ਪੱਖ ਦੱਸ ਸਕਦੇ ਹੋ ਜਾਂ ਆਪਣੇ ਵਕੀਲ ਨੂੰ ਤੁਹਾਡੇ ਵੱਲੋਂ ਦਲੀਲ ਪੇਸ਼ ਕਰਨ ਲਈ ਕਹਿ ਸਕਦੇ ਹੋ।

## ਮੇਰੇ ਮੁਕੱਦਮੇ ਤੋਂ ਬਾਅਦ ਕੀ ਹੋਵੇਗਾ?

- ਜੱਜ ਇੱਕ ਰਿਪੋਰਟ ਅਤੇ ਸਿਫਾਰਸ਼ ਜਾਰੀ ਕਰੇਗਾ।
- ਤੁਹਾਡੇ ਕੋਲ ਰਿਪੋਰਟ ਅਤੇ ਸਿਫ਼ਾਰਸ਼ 'ਤੇ TLC ਲਿਖਤੀ ਟਿੱਪਣੀਆਂ ਜਮ੍ਹਾਂ ਕਰਨ ਦਾ ਅਧਿਕਾਰ ਹੈ।
- TLC ਇੱਕ ਅੰਤਮ ਫੈਸਲਾ ਲਏਗਾ।
- ਜੇਕਰ TLC ਤੁਹਾਡੇ ਖਿਲਾਫ ਫੈਸਲਾ ਸੁਣਾਉਂਦਾ ਹੈ, ਤਾਂ ਤੁਹਾਡਾ ਲਾਇਸੈਂਸ ਰੱਦ ਜਾਂ ਮੁਅੱਤਲ ਕੀਤਾ ਜਾ ਸਕਦਾ ਹੈ, ਅਤੇ TLC ਹੋਰ ਸਜ਼ਾਵਾਂ ਅਤੇ/ਜਾਂ ਪੈਸਿਆਂ ਦਾ ਜੁਰਮਾਨਾ ਲਗਾ ਸਕਦਾ ਹੈ। ਕੁਝ ਮਾਮਲਿਆਂ ਵਿੱਚ ਪੁਆਇੰਟਾਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ।

- ਜੇਕਰ ਤੁਸੀਂ ਮੁਕੱਦਮੇ ਵਿੱਚ ਜਿੱਤ ਜਾਂਦੇ ਹੋ ਅਤੇ TLC ਜੱਜ ਦੀ ਸਿਫ਼ਾਰਸ਼ ਨਾਲ ਸਹਿਮਤ ਹੁੰਦਾ ਹੈ, ਤਾਂ ਤੁਹਾਡਾ ਲਾਇਸੈਂਸ ਵਾਪਸ ਨਹੀਂ ਲਿੱਤਾ ਜਾਵੇਗਾ।

## 5. ਸਵਾਰੀਆਂ ਦੀ ਸ਼ਿਕਾਇਤ ਦੇ ਕੇਸ

**ਸਵਾਰੀਆਂ ਦੀ ਸ਼ਿਕਾਇਤ ਦੇ ਕੇਸਾਂ ਵਿੱਚ ਆਮ ਤੌਰ 'ਤੇ ਜਨਤਕ ਮੈਂਬਰਾਂ ਜਾਂ TLC ਨੁਮਾਇੰਦਿਆਂ ਦੁਆਰਾ ਦਾਅਵੇ ਸ਼ਾਮਲ ਹੁੰਦੇ ਹਨ ਕਿ ਇੱਕ ਡਰਾਈਵਰ ਨੇ ਉਨ੍ਹਾਂ ਨੂੰ ਜ਼ੁਬਾਨੀ ਤੌਰ 'ਤੇ ਪਰੇਸ਼ਾਨ ਕੀਤਾ, ਧਮਕੀ ਦਿੱਤੀ, ਜਾਂ ਹਮਲਾ ਕੀਤਾ।**

ਇਸ ਤੋਂ ਪਹਿਲਾਂ ਕਿ ਤੁਹਾਡਾ TLC ਲਾਇਸੈਂਸ ਖੋਹਿਆ ਜਾ ਸਕੇ, ਤੁਹਾਡੇ ਕੋਲ ਮੁਕੱਦਮਾ ਚਲਾਉਣ ਦਾ ਅਧਿਕਾਰ ਹੈ।

### ਜੇਕਰ ਮੈਂ ਸਮਝੌਤਾ ਨਹੀਂ ਕਰਦਾ/ਕਰਦੀ ਹਾਂ ਤਾਂ ਮੇਰੇ ਮੁਕੱਦਮੇ 'ਤੇ ਕੀ ਹੁੰਦਾ ਹੈ?

- ਆਮ ਤੌਰ 'ਤੇ, ਸ਼ਿਕਾਇਤ ਕਰਨ ਵਾਲਾ ਵਿਅਕਤੀ ਮੁਕੱਦਮੇ 'ਤੇ ਗਵਾਹੀ ਦੇਵੇਗਾ ਕਿ ਕੀ ਹੋਇਆ ਹੈ।
- ਤੁਹਾਨੂੰ ਗਵਾਹੀ ਦੇਣ ਅਤੇ ਕਹਾਣੀ ਦਾ ਆਪਣਾ ਪੱਖ ਦੱਸਣ ਦਾ ਅਧਿਕਾਰ ਹੈ ਜਾਂ ਤੁਹਾਡੇ ਵਕੀਲ ਨੂੰ ਤੁਹਾਡੇ ਲਈ ਦਲੀਲ ਪੇਸ਼ ਕਰਨ ਦਾ ਅਧਿਕਾਰ ਹੈ।
- TLC ਨੂੰ ਜੱਜ ਨੂੰ ਮਨਾਉਣਾ ਹੋਵੇਗਾ ਹੈ ਕਿ ਲਾਇਸੈਂਸ ਜਾਰੀ ਰੱਖਣਾ **ਜਨਤਕ ਸਿਹਤ ਜਾਂ ਸੁਰੱਖਿਆ ਲਈ ਖ਼ਤਰਾ ਪੇਸ਼ ਕਰਦਾ ਹੈ।**
- ਜੇਕਰ ਤੁਹਾਡੇ ਖਿਲਾਫ ਕੋਈ ਅਪਰਾਧਿਕ ਕੇਸ ਵੀ ਹੈ, ਤਾਂ ਤੁਹਾਨੂੰ ਇਹ ਫੈਸਲਾ ਕਰਨ ਦੀ ਲੋੜ ਹੁੰਦੀ ਹੈ ਕਿ ਗਵਾਹੀ ਦੇਣੀ ਹੈ ਜਾਂ ਨਹੀਂ। ਇਹ ਤੁਹਾਡੇ ਉੱਪਰ ਹੈ। ਇਸ ਫੈਸਲੇ ਨੂੰ ਲੈ ਕੇ ਤੁਹਾਡੀ ਮਦਦ ਕਰਨ ਲਈ ਕਿਸੇ ਵਕੀਲ ਦੀ ਸਲਾਹ ਲੈਣਾ ਸਭ ਤੋਂ ਵਧੀਆ ਹੈ।
- ਤੁਹਾਨੂੰ ਸ਼ਿਕਾਇਤ ਕਰਨ ਵਾਲੇ ਗਵਾਹ ਅਤੇ TLC ਦੇ ਗਵਾਹਾਂ ਤੋਂ ਸਵਾਲ ਪੁੱਛਣ ਦਾ ਅਧਿਕਾਰ ਵੀ ਹੈ ਜੇਕਰ ਉਹ ਗਵਾਹੀ ਦਿੰਦੇ ਹਨ।

## ਮੇਰੇ ਮੁਕੱਦਮੇ ਤੋਂ ਬਾਅਦ ਕੀ ਹੋਵੇਗਾ?

- ਜੱਜ ਇੱਕ ਰਿਪੋਰਟ ਅਤੇ ਸਿਫਾਰਸ਼ ਜਾਰੀ ਕਰੇਗਾ।
- ਤੁਹਾਡੇ ਕੋਲ ਰਿਪੋਰਟ ਅਤੇ ਸਿਫ਼ਾਰਸ਼ 'ਤੇ TLC ਲਿਖਤੀ ਟਿੱਪਣੀਆਂ ਜਮ੍ਹਾਂ ਕਰਨ ਦਾ ਅਧਿਕਾਰ ਹੈ।
- TLC ਦਾ ਚੇਅਰਪਰਸਨ ਅੰਤਮ ਪੈਸਲਾ ਲਏਗਾ।
- ਤੁਹਾਨੂੰ ਚੇਅਰਪਰਸਨ ਤੋਂ ਲੈ ਕੇ ਪੂਰੀ ਕਮਿਸ਼ਨ ਕੋਲ ਅਪੀਲ ਕਰਨ ਦਾ ਅਧਿਕਾਰ ਹੈ।
- ਜੇਕਰ TLC ਤੁਹਾਡੇ ਖਿਲਾਫ ਫੈਸਲਾ ਸੁਣਾਉਂਦਾ ਹੈ, ਤਾਂ ਤੁਹਾਡਾ ਲਾਇਸੈਂਸ ਰੱਦ ਜਾਂ ਮੁਅੱਤਲ ਕੀਤਾ ਜਾ ਸਕਦਾ ਹੈ, ਅਤੇ TLC ਹੋਰ ਸਜ਼ਾਵਾਂ ਅਤੇ/ਜਾਂ ਪੈਸਿਆਂ ਦਾ ਜੁਰਮਾਨਾ ਲਗਾ ਸਕਦਾ ਹੈ। ਕੁਝ ਮਾਮਲਿਆਂ ਵਿੱਚ ਪੁਆਇੰਟਾਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ।
- ਜੇਕਰ ਤੁਸੀਂ ਮੁਕੱਦਮੇ ਵਿੱਚ ਜਿੱਤ ਜਾਂਦੇ ਹੋ ਅਤੇ TLC ਜੱਜ ਦੀ ਸਿਫ਼ਾਰਸ਼ ਨਾਲ ਸਹਿਮਤ ਹੁੰਦਾ ਹੈ, ਤਾਂ ਤੁਹਾਡਾ ਲਾਇਸੈਂਸ ਵਾਪਸ ਨਹੀਂ ਲਿੱਤਾ ਜਾਵੇਗਾ।

## 6. ਦੁਰਘਟਨਾ ਦੇ ਕੇਸ



**ਦੁਰਘਟਨਾ ਦੇ ਕੇਸਾਂ ਵਿੱਚ ਆਮ ਤੌਰ 'ਤੇ ਟੈਕਸੀ ਦੇ ਨਾਲ ਕੋਈ ਦੁਰਘਟਨਾ ਵਾਪਰਣ ਤੋਂ ਬਾਅਦ ਕਿਸੇ ਸਮੇਂ ਮਾਲਕ ਵੱਲੋਂ ਮਡੈਲੀਅਨ ਵੇਚਣਾ ਜਾਂ ਟ੍ਰਾਂਸਫਰ ਕਰਨਾ ਸ਼ਾਮਲ ਹੁੰਦਾ ਹੈ।**

- ਕੋਈ ਸਵਾਰੀ, ਪੈਦਲ ਚੱਲਣ ਵਾਲਾ ਵਿਅਕਤੀ, ਜਾਂ ਹੋਰ ਡਰਾਈਵਰ ਨਿੱਜੀ ਸੱਟਾਂ ਲਈ ਦਾਅਵਾ ਕਰ ਸਕਦਾ ਹੈ।
- ਕਨੂੰਨ ਅਨੁਸਾਰ, TLC ਮਡੈਲੀਅਨ ਨੂੰ ਵੇਚਣ ਦੀ ਇਜਾਜ਼ਤ ਨਹੀਂ ਦੇ ਸਕਦਾ ਹੈ ਜਦੋਂ ਤੱਕ ਇਸ ਗੱਲ ਦੀ ਸਮੀਖਿਆ ਨਹੀਂ ਕੀਤੀ ਜਾਂਦੀ ਕਿ ਕੀ ਕਿਸੇ ਦੁਰਘਟਨਾ ਵਿੱਚ ਜ਼ਖਮੀ ਹੋਏ ਕਿਸੇ ਵਿਅਕਤੀ ਲਈ ਪੈਸੇ ਵੱਖ ਰੱਖੇ ਜਾਣੇ (ਉਸ ਵਿੱਚ, ਜਿਸ ਨੂੰ "ਐਸਕ੍ਰੋ" ਖਾਤਾ ਕਿਹਾ ਜਾਂਦਾ ਹੈ) ਚਾਹੀਦੇ ਹਨ ਜਾਂ ਨਹੀਂ -- ਜੇਕਰ ਮਾਲਕ ਦਾ ਬੀਮਾ ਦੁਰਘਟਨਾ ਵਿੱਚ ਜ਼ਖਮੀ ਹੋਏ ਵਿਅਕਤੀ ਨੂੰ ਭੁਗਤਾਨ ਕਰਨ ਲਈ ਕਾਫੀ ਨਹੀਂ ਹੈ।
- OATH ਦਾ ਜੱਜ ਤੈਅ ਕਰੇਗਾ ਕਿ ਕਿੰਨੀ ਰਕਮ ਵੱਖ ਰੱਖੀ ਜਾਣੀ ਹੈ।
ਰਕਮ ਜ਼ੀਰੋ ਜਾਂ ਵੱਧ ਹੋ ਸਕਦੀ ਹੈ।
- ਮੁਕੱਦਮੇ ਵਿੱਚ ਧਿਰਾਂ ਨੂੰ ਇਸ ਗੱਲ ਦਾ ਸਬੂਤ ਦੇਣਾ ਚਾਹੀਦਾ ਹੈ ਕਿ ਕਿਹੜੀਆਂ ਸੱਟਾਂ ਲੱਗੀਆਂ ਹਨ ਅਤੇ ਨਿੱਜੀ ਸੱਟ ਦੇ ਮਾਮਲੇ ਵਿੱਚ ਉਹਨਾਂ ਦੀ ਕੀਮਤ ਕਿੰਨੀ ਹੋ ਸਕਦੀ ਹੈ।
- ਆਮ ਤੌਰ 'ਤੇ, ਪਾਰਟੀਆਂ ਇੱਕ ਐਸਕ੍ਰੋ ਰਕਮ ਨਾਲ ਸਹਿਮਤ ਹੋ ਕੇ ਇਹਨਾਂ ਕੇਸਾਂ ਦਾ ਨਿਪਟਾਰਾ ਕਰ ਸਕਦੀਆਂ ਹਨ। ਸਮਝੌਤੇ ਦੀਆਂ ਹੋਰ ਸੰਭਾਵਤ ਸ਼ਰਤਾਂ ਹੋ ਸਕਦੀਆਂ ਹਨ।
- ਜੇਕਰ ਕੇਸ ਮੁਕੱਦਮੇ ਵਿੱਚ ਜਾਂਦਾ ਹੈ, ਤਾਂ ਜੱਜ ਇੱਕ ਅੰਤਮ ਫੈਸਲਾ ਜਾਰੀ ਕਰੇਗਾ, ਜਿਸਨੂੰ ਲੈ ਕੇ ਨਿਊਯਾਰਕ ਰਾਜ ਦੀ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਜਾ ਸਕਦੀ ਹੈ।

# ਕਨੂੰਨੀ ਸੇਵਾਵਾਂ

**OATH ਕਨੂੰਨੀ ਸਲਾਹ ਨਹੀਂ ਦਿੰਦਾ ਅਤੇ ਕਿਸੇ ਖਾਸ ਵਕੀਲ ਜਾਂ ਸੰਸਥਾ ਦੀ ਸਿਫ਼ਾਰਸ਼ ਨਹੀਂ ਕਰਦਾ।**

**ਜੇਕਰ ਤੁਹਾਡਾ ਕੋਈ ਅਪਰਾਧਿਕ ਕੇਸ ਲੰਬਿਤ ਹੈ, ਤਾਂ ਤੁਹਾਨੂੰ ਇਸ ਗੱਲ ਦੀ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਅਪਰਾਧਿਕ ਵਕੀਲ ਤੋਂ ਆਪਣੇ OATH ਲਾਇਸੈਂਸ ਦੇ ਕੇਸ ਬਾਰੇ ਸਲਾਹ ਲਵੋ ਜਾਂ ਕਿਸੇ ਹੋਰ ਵਕੀਲ ਦੀ ਸਿਫਾਰਸ਼ ਪ੍ਰਾਪਤ ਕਰੋ ਜੋ ਤੁਹਾਡੇ OATH ਲਾਇਸੈਂਸ ਦੇ ਕੇਸ ਵਿੱਚ ਤੁਹਾਡੀ ਨੁਮਾਇੰਦਗੀ ਕਰ ਸਕੇ।**

ਤੁਸੀਂ ਇਹ ਦੇਖਣ ਲਈ ਆਪਣੀ ਸਥਾਨਕ ਬਾਰ ਐਸੋਸੀਏਸ਼ਨ ਜਾਂ ਕਨੂੰਨੀ ਸੇਵਾਵਾਂ ਪ੍ਰਦਾਤਾ ਨਾਲ ਸੰਪਰਕ ਕਰਨਾ ਚਾਹ ਸਕਦੇ ਹੋ ਕਿ ਕੀ ਤੁਸੀਂ ਕੋਈ ਵਕੀਲ ਲੱਭ ਸਕਦੇ ਹੋ ਜੋ ਤੁਹਾਡਾ ਕੇਸ ਬਿਨਾਂ ਕਿਸੇ ਖਰਚੇ ਜਾਂ ਘੱਟ ਫੀਸ 'ਤੇ ਲਏਗਾ। ਕਨੂੰਨੀ ਸੇਵਾ ਸੰਸਥਾਵਾਂ ਅਤੇ ਰੈਫਰਲ ਸੇਵਾਵਾਂ ਦੀ ਇੱਕ ਅੰਸ਼ਕ ਸੂਚੀ ਹੇਠਾਂ ਜਨਤਕ ਸੇਵਾ ਵਜੋਂ ਪ੍ਰਦਾਨ ਕੀਤੀ ਗਈ ਹੈ।
**ਇਸ ਗਾਈਡ ਨਾਲ ਹੋਰ ਵਿਕਲਪਾਂ ਦੀ ਸੂਚੀ ਨੱਥੀ ਹੈ। ਕਿਰਪਾ ਕਰਕੇ ਨੱਥੀ ਕੀਤੀ ਸੂਚੀ ਵੇਖੋ।**

ਤੁਸੀਂ ਹੇਠਾਂ ਦਿਖਾਏ ਗਏ ਸੰਪਰਕਾਂ 'ਤੇ ਕਾਲ ਕਰਨ ਜਾਂ ਈਮੇਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ:

**ਲੀਗਲ ਏਡ ਸੋਸਾਇਟੀ**

**ਫ਼ੋਨ:** 212-577-3300 ਜਾਂ 212-577-3398

- ਲੀਗਲ ਏਡ ਸੋਸਾਇਟੀ ਘੱਟ ਆਮਦਨ ਵਾਲੇ ਗਾਹਕਾਂ ਨੂੰ ਮੁਫ਼ਤ ਕਨੂੰਨੀ ਸੇਵਾਵਾਂ ਪ੍ਰਦਾਨ ਕਰਦੀ ਹੈ ਜੋ ਯੋਗਤਾ ਪੂਰੀ ਕਰਦੇ ਹਨ।

# ਬਾਰ ਐਸੋਸੀਏਸ਼ਨ ਰੈਫਰਲ ਸੇਵਾਵਾਂ

ਤੁਸੀਂ ਆਪਣੀ ਸਥਾਨਕ ਬਾਰ ਐਸੋਸੀਏਸ਼ਨ ਨਾਲ ਸੰਪਰਕ ਕਰਨਾ ਚਾਹ ਸਕਦੇ ਹੋ ਅਤੇ ਕਨੂੰਨੀ ਸਰੋਤਾਂ ਦੇ ਸੰਭਾਵੀ ਹਵਾਲੇ ਬਾਰੇ ਪੁੱਛ ਸਕਦੇ ਹੋ। ਉਦਾਹਰਨ ਲਈ, ਤੁਸੀਂ ਕਾਲ ਜਾਂ ਈਮੇਲ ਕਰ ਸਕਦੇ ਹੋ:

**ਨਿਊਯਾਰਕ ਸਿਟੀ ਬਾਰ ਐਸੋਸੀਏਸ਼ਨ**

**ਵੈੱਬਸਾਈਟ:** https://www.nycbar.org/get-legal-help/

**ਫ਼ੋਨ:** (917)-634-3609 / (212)-626-7374 (en español)

**ਈਮੇਲ:** lrs@nycbar.org

**ਔਨਲਾਈਨ ਬੇਨਤੀ ਫਾਰਮ:**

https://nycbar.intouchondemand.com/lrisrequest/nycrequestform.aspx
En español: Formulario de Referido – Solicite a un Abogado
(https://www.nycbar.org/get-legal-help/es/)

ਸਟਾਫ਼ ਦਾ ਵਕੀਲ ਜਾਂ ਪੈਰਾਲੀਗਲ ਫ਼ੋਨ ਦਾ ਜਵਾਬ ਦੇਵੇਗਾ ਅਤੇ ਤੁਹਾਡੀ ਕਨੂੰਨੀ ਸਮੱਸਿਆ ਨਾਲ ਨਜਿੱਠਣ ਦਾ ਤਰੀਕਾ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ। ਸਿਟੀ ਬਾਰ ਐਸੋਸੀਏਸ਼ਨ ਦੇ ਵਕੀਲ ਜਾਂ ਸਟਾਫ ਨਾਲ ਗੱਲ ਕਰਨ ਦਾ ਕੋਈ ਖਰਚਾ ਨਹੀਂ ਹੈ, ਪਰ ਕੋਈ ਵੀ ਵਕੀਲ ਜਿਸ ਨੂੰ ਉਹ ਤੁਹਾਨੂੰ ਰੈਫਰ ਕਰਦੇ ਹਨ, ਉਹ ਤੁਹਾਡੇ ਤੋਂ ਪੈਸੇ ਲੈ ਸਕਦੇ ਹਨ।

ਸਟਾਫ਼ ਦੇ ਵਕੀਲਾਂ ਨਾਲ (212) 626-7373 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹੋਰ ਜਾਣਕਾਰੀ

**ਜੇਕਰ ਤੁਹਾਡੇ ਕੋਲ ਕੋਈ ਵਕੀਲ ਜਾਂ ਨੁਮਾਇੰਦਾ ਨਹੀਂ ਹੈ:**

OATH ਤੁਹਾਨੂੰ ਇੱਕ OATH ਪ੍ਰੋਸੀਜਰਲ ਜਸਟਿਸ ਕੋਆਰਡੀਨੇਟਰ ਨਾਲ ਗੱਲ ਕਰਨ ਦਾ ਮੌਕਾ ਦੇਵੇਗਾ ਜੋ ਤੁਹਾਡੇ ਕੇਸ ਦੀ ਤਿਆਰੀ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਕਨੂੰਨੀ ਜਾਣਕਾਰੀ ਅਤੇ ਸਰੋਤ ਦੇ ਸਕਦਾ ਹੈ। ਇਹ ਵਿਅਕਤੀ ਤੁਹਾਨੂੰ ਸੁਣਵਾਈ ਦੀ ਪ੍ਰਕਿਰਿਆ, ਤੁਹਾਡੇ ਲਈ ਉਪਲਬਧ ਵਿਕਲਪਾਂ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ, ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ। ਇਹ ਵਿਅਕਤੀ ਤੁਹਾਨੂੰ ਕਾਨੂੰਨੀ ਸਲਾਹ **ਨਹੀਂ** ਦੇ ਸਕਦੇ। ਸਾਰੀਆਂ ਅਪਾਇੰਟਮੈਂਟਾਂ ਤੁਹਾਡੀ ਸੁਣਵਾਈ ਦੇ ਦਿਨ ਤੋਂ ਪਹਿਲਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਬੇਨਤੀ 'ਤੇ ਮੁਫ਼ਤ ਵਿਦੇਸ਼ੀ ਭਾਸ਼ਾ ਸੇਵਾਵਾਂ ਉਪਲਬਧ ਹਨ।

- OATH ਮਦਦ ਕੇਂਦਰ ਤੋਂ ਕਿਸੇ ਨਾਲ ਅਪਾਇੰਟਮੈਂਟ ਲੈਣ ਲਈ, ਕਿਰਪਾ ਕਰਕੇ ਇਸ ਲਿੰਕ ਦੀ ਵਰਤੋਂ ਕਰਕੇ ਸਾਨੂੰ ਈਮੇਲ ਕਰੋ:

  **ਮਦਦ ਕੇਂਦਰ ਨੂੰ ਈਮੇਲ ਕਰੋ ਜਾਂ ਆਪਣੀ ਨਿਰਧਾਰਤ OATH ਵਿੱਚ ਹਾਜ਼ਰੀ ਤੋਂ ਪਹਿਲਾਂ ਸਾਨੂੰ (212) 436-0845 'ਤੇ ਕਾਲ ਕਰੋ।**

- ਤੁਸੀਂ OATH ਬਾਰੇ ਹੋਰ ਪੜ੍ਹ ਸਕਦੇ ਹੋ ਅਤੇ ਇੱਥੇ ਜਾ ਕੇ ਕੇਸ ਕਨੂੰਨ ਅਤੇ ਨਿਯਮਾਂ ਨੂੰ ਦੇਖ ਸਕਦੇ ਹੋ: https://www.nyc.gov/site/oath/trials/overview.page

- OATH ਦੇ ਫੈਸਲਿਆਂ ਨੂੰ ਸਿਟੀ ਐਡਮਿਨ ਔਨਲਾਈਨ ਲਾਇਬ੍ਰੇਰੀ 'ਤੇ ਮੁਫਤ ਵਿੱਚ ਵੀ ਪਾਇਆ ਜਾ ਸਕਦਾ ਹੈ। ਫਿਰ "OATH ਟ੍ਰਾਇਲਸ" 'ਤੇ ਕਲਿੱਕ ਕਰੋ ਅਤੇ ਉਹਨਾਂ ਸ਼ਬਦਾਂ ਨੂੰ ਦਰਜ ਕਰਨ ਲਈ ਹੇਠਾਂ ਸਕ੍ਰੋਲ ਕਰੋ ਜੋ ਤੁਸੀਂ ਕੇਸਾਂ ਨੂੰ ਲੱਭਣ ਲਈ ਖੋਜਣਾ ਚਾਹੁੰਦੇ ਹੋ।

- ਤੁਸੀਂ TLC ਦੀ ਵੈੱਬਸਾਈਟ 'ਤੇ ਜਾ ਕੇ TLC ਦੇ ਨਿਯਮਾਂ ਸਮੇਤ TLC ਬਾਰੇ ਹੋਰ ਜਾਣਕਾਰੀ ਪੜ੍ਹ ਸਕਦੇ ਹੋ: www.nyc.gov/taxi

## ਕਨੂੰਨੀ ਸਹਾਇਤਾ

ਤੁਸੀਂ ਤੁਹਾਡੀ ਮਦਦ ਕਰਨ ਲਈ ਆਪਣੀ ਚੋਣ ਦੇ ਕਿਸੇ ਵਕੀਲ ਜਾਂ ਦੂਜੇ ਨੁਮਾਇੰਦੇ ਦੇ ਨਾਲ ਪੇਸ਼ ਹੋਣ ਦੇ ਹੱਕਦਾਰ ਹੋ। ਤੁਸੀਂ ਪ੍ਰਾਈਵੇਟ ਬਾਰ ਤੋਂ ਕਿਸੇ ਵਕੀਲ ਜਾਂ ਹੋਰ ਨੁਮਾਇੰਦੇ ਦੀ ਚੋਣ ਕਰ ਸਕਦੇ ਹੋ ਜਾਂ ਤੁਸੀਂ ਘੱਟ ਕੀਮਤ ਵਾਲੀ ਜਾਂ ਬਿਨਾਂ ਕੀਮਤ ਵਾਲੀ ਕਨੂੰਨੀ ਨੁਮਾਇੰਦਗੀ ਦੀ ਭਾਲ ਕਰ ਸਕਦੇ ਹੋ। OATH ਵਕੀਲਾਂ ਜਾਂ ਸੰਸਥਾਵਾਂ ਨਾਲ ਸੰਬੰਧਤ ਨਹੀਂ ਹੈ ਅਤੇ ਇਹਨਾਂ ਦੀ ਸਿਫਾਰਸ਼ ਨਹੀਂ ਕਰਦਾ। ਕਿਰਪਾ ਕਰਕੇ ਹੇਠਾਂ ਪਬਲਿਕ ਡਿਫੈਂਡਰਾਂ ਯਾਨੀ ਕਿ ਬਚਾਅ-ਪੱਖ ਦੇ ਵਕੀਲਾਂ ਦੀ ਸੂਚੀ ਦੇਖੋ ਜੋ, ਜੇਕਰ ਉਪਲਬਧ ਹੋਣ, ਤਾਂ TLC-ਲਾਇਸੈਂਸਸ਼ੁਦਾ ਡਰਾਈਵਰਾਂ ਦੀ ਨੁਮਾਇੰਦਗੀ ਕਰ ਸਕਦੇ ਹਨ ਜਿਨ੍ਹਾਂ ਦੇ ਲਾਇਸੈਂਸ ਗਿਰਫ਼ਤਾਰੀ ਤੋਂ ਬਾਅਦ ਮੁਅੱਤਲ ਕਰ ਦਿੱਤੇ ਗਏ ਸਨ, ਅਤੇ ਬਾਰ ਐਸੋਸੀਏਸ਼ਨ ਅਤੇ ਹੋਰ ਵਕੀਲ ਰੈਫਰਲ ਸੇਵਾਵਾਂ ਦੀ ਸੂਚੀ ਵੀ ਦਿੱਤੀ ਹੋਈ ਹੈ।

## ਕਨੂੰਨੀ ਡਿਫੈਂਡਰ ਸੇਵਾਵਾਂ

ਜੇਕਰ ਇੱਕ TLC ਡਰਾਈਵਰ ਜਿਸਨੂੰ ਗਿਰਫ਼ਤਾਰ ਕੀਤਾ ਗਿਆ ਹੈ, ਦੀ ਹੇਠਾਂ ਦਿੱਤੇ ਦੀਨ ਬਚਾਅ ਪ੍ਰਦਾਤਿਆਂ ਵਿੱਚੋਂ ਕਿਸੇ ਵੱਲੋਂ ਨੁਮਾਇੰਦਗੀ ਕੀਤੀ ਗਈ ਹੈ, ਤਾਂ ਇੱਥੇ ਹਰੇਕ ਸੰਸਥਾ ਦੇ ਅੰਦਰ ਉਹਨਾਂ ਲੋਕਾਂ ਲਈ ਸੰਪਰਕ ਜਾਣਕਾਰੀ ਹੈ ਜੋ TLC ਲਾਇਸੈਂਸ ਮੁਅੱਤਲੀ ਦੇ ਕੇਸ ਵਿੱਚ ਸਹਾਇਤਾ ਲਈ ਉਪਲਬਧ ਹੋ ਸਕਦੇ ਹਨ।

ਹਰੇਕ ਸੰਸਥਾ ਡਰਾਈਵਰ ਦੀ ਨੁਮਾਇੰਦਗੀ ਕਰਨ ਲਈ ਸਿਰਫ ਤਾਂ ਹੀ ਉਪਲਬਧ ਹੋ ਸਕਦੀ ਹੈ ਜੇਕਰ ਉਹ ਪਹਿਲਾਂ ਹੀ ਕਿਸੇ ਅਪਰਾਧਿਕ ਕੇਸ ਵਿੱਚ ਡਰਾਈਵਰ ਦੀ ਨੁਮਾਇੰਦਗੀ ਕਰ ਰਹੇ ਹਨ। ਜੇਕਰ ਤੁਸੀਂ ਆਪਣੇ ਅਪਰਾਧਿਕ ਕੇਸ ਲਈ ਨਿਰਧਾਰਤ ਕੀਤੇ ਗਏ ਖਾਸ ਜਨਤਕ ਡਿਫੈਂਡਰ ਯਾਨੀ ਕਿ ਬਚਾਅ ਪੱਖ ਦੇ ਵਕੀਲ ਦਾ ਨਾਮ ਜਾਣਦੇ ਹੋ, ਤਾਂ ਤੁਹਾਨੂੰ ਈਮੇਲ ਜਾਂ ਫ਼ੋਨ ਦੁਆਰਾ ਆਪਣੇ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ ਅਤੇ ਉਸੇ ਦਫ਼ਤਰ ਵਿੱਚ ਹੋਰ ਵਕੀਲ ਲੱਭਣ ਵਿੱਚ ਸਹਾਇਤਾ ਮੰਗਣੀ ਚਾਹੀਦੀ ਹੈ ਜੋ ਤੁਹਾਡੇ ਲਾਇਸੈਂਸ ਕੇਸ ਜਾਂ ਕਾਰ ਰਿਟੈਂਸ਼ਨ ਕੇਸ ਵਿੱਚ ਸਹਾਇਤਾ ਕਰ ਸਕਦੇ ਹਨ। ਹੇਠਾਂ ਦਿੱਤੀਆਂ ਸੰਸਥਾਵਾਂ ਨਾਲ ਸੰਪਰਕ ਕਰਨ ਦਾ ਸਭ ਤੋਂ ਵਧੀਆ ਤਰੀਕਾ ਈਮੇਲ ਰਾਹੀਂ ਹੈ।

ਇਹ ਸੰਪਰਕ ਜਾਣਕਾਰੀ ਡਰੱਗ ਟੈਸਟ ਮੁਅੱਤਲੀ ਜਾਂ ਸਵਾਰੀ ਦੀ ਸ਼ਿਕਾਇਤ ਦੇ ਕੇਸਾਂ ਲਈ ਨਹੀਂ ਹੈ।

### *ਦਿ ਬ੍ਰੌਂਕਸ ਡਿਫੈਂਡਰ*

ਗਿਲੀਅਨ ਸਟੋਡਾਰਡ ਲੈਦਰਬੇਰੀ

**ਈਮੇਲ:** gillians@bronxdefenders.org

Civil Action Practice
360 East 161st Street
Bronx, NY 10451
**ਫ਼ੋਨ:** (347) 842-2484

**ਮੁੱਖ ਦਫਤਰ:** (718)-838-7878

### *ਬਰੁਕਲਿਨ ਡਿਫੈਂਡਰ ਸੇਵਾਵਾਂ*

**ਈਮੇਲ:** employment@bds.org

177 Livingston Street, 7th Floor
Brooklyn, NY 11201
**ਫ਼ੋਨ:** (718) 254-0700

***ਲੀਗਲ ਏਡ ਸੋਸਾਇਟੀ***

ਵਰਕਰ ਜਸਟਿਸ ਪ੍ਰੋਜੈਕਟ

**ਈਮੇਲ:** workerjustice@legal-aid.org

**ਫ਼ੋਨ:** (888)-663-6880

***ਨੇਬਰਹੁੱਡ ਡਿਫੈਂਡਰ ਸਰਵਿਸਿਜ਼***

317 Lenox Avenue
New York, NY 10027
**ਫ਼ੋਨ:** (212) 876-5500

***ਕਵੀਂਸ ਡਿਫੈਂਡਰ***
ਡੇਵਿਡ ਬਾਇਰਨ
**ਈ - ਮੇਲ:** dbyrne@queensdefenders.org
**ਫ਼ੋਨ:** (917)-703-4103

ਜਿਨ੍ਹਾਂ ਲੋਕਾਂ ਦੀ ਪਹਿਲਾਂ ਤੋਂ ਹੀ ਉਪਰੋਕਤ ਕਿਸੇ ਵੀ ਡਿਫੈਂਡਰ ਯਾਨੀ ਕਿ ਬਚਾਅ-ਪੱਖੀ ਵਕੀਲ ਵੱਲੋਂ ਨੁਮਾਇੰਦਗੀ ਨਹੀਂ ਕੀਤੀ ਜਾਂਦੀ ਹੈ, ਉਹ ਸੰਪਰਕ ਕਰਨਾ ਚਾਹ ਸਕਦੇ ਹਨ:

## ***ਕਨੂੰਨੀ ਕਾਰਵਾਈ ਕੇਂਦਰ***

ਕੇਂਦਰ ਨਿਊਯਾਰਕ ਸਿਟੀ ਸਮੇਤ, ਨਿਊਯਾਰਕ ਰਾਜ ਦੇ ਅੰਦਰ ਗਿਰਫ਼ਤਾਰ ਕੀਤੇ ਗਏ ਡਰਾਈਵਰਾਂ ਖਿਲਾਫ ਲਾਇਸੈਂਸ ਮੁਅੱਤਲੀ ਦੇ ਕੇਸਾਂ ਵਿੱਚ ਸਹਾਇਤਾ ਦੀ ਮੰਗ ਕਰਨ ਵਾਲੇ ਟੈਕਸੀ ਡਰਾਈਵਰਾਂ ਦੀ ਨੁਮਾਇੰਦਗੀ ਕਰਨ ਬਾਰੇ ਵਿਚਾਰ ਕਰੇਗਾ। K.B. White, Esq., **212- 243-1313** ਜਾਂ kwhite@lac.org. 'ਤੇ ਸੰਪਰਕ ਬਿੰਦੂ ਹੈ

## **ਬਾਰ ਐਸੋਸੀਏਸ਼ਨ ਅਤੇ ਹੋਰ ਰੈਫਰਲ ਸੇਵਾਵਾਂ**

ਇਸ ਤੋਂ ਇਲਾਵਾ, ਬਾਰ ਐਸੋਸੀਏਸ਼ਨਾਂ ਅਤੇ ਹੋਰ ਸੰਸਥਾਵਾਂ ਕਨੂੰਨੀ ਨੁਮਾਇੰਦਗੀ ਲੱਭਣ ਵਿੱਚ ਕੁਝ ਮਦਦ ਕਰ ਸਕਦੀਆਂ ਹਨ। ਹੇਠ ਲਿਖੀਆਂ ਐਸੋਸੀਏਸ਼ਨਾਂ, ਜੋ ਕਿ OATH ਨਾਲ ਸੰਬੰਧਤ ਨਹੀਂ ਹਨ, ਮੁਫ਼ਤ ਜਾਂ ਘੱਟ ਲਾਗਤ ਵਾਲੇ ਵਕੀਲ ਜਾਂ ਹੋਰ ਨੁਮਾਇੰਦਿਆਂ ਨੂੰ ਰੈਫਰਲ ਮੁਹੱਈਆ ਕਰਨ ਦੇ ਯੋਗ ਹੋ ਸਕਦੀਆਂ ਹਨ:

***ਨਿਊਯਾਰਕ ਸਿਟੀ ਬਾਰ ਐਸੋਸੀਏਸ਼ਨ***

https://www.nycbar.org/get-legal-help/
**ਫ਼ੋਨ:** (917)-634-3609 / (212)-626-7374 (en español)

**ਈਮੇਲ:** lrs@nycbar.org

**ਔਨਲਾਈਨ ਬੇਨਤੀ ਫਾਰਮ:** https://nycbar.intouchondemand.com/lrisrequest/nycrequestform.aspx

**En español:** Formulario de Referido – Solicite a un Abogado (nycbar.org)

***ਬਰੁਕਲਿਨ ਬਾਰ ਐਸੋਸੀਏਸ਼ਨ***

https://brooklynbar.org/lawyer-referral-service/
**ਫ਼ੋਨ:** (718)-624-0843 / (718)-624-0843 (en español)

***ਬ੍ਰੌਂਕਸ ਕਾਉਂਟੀ ਬਾਰ ਐਸੋਸੀਏਸ਼ਨ***

https://www.bronxbar.com/?pg=ReferralServices
**ਵਿਅਕਤੀਗਤ ਤੌਰ 'ਤੇ ਪੇਸ਼ ਹੋ ਕੇ:**

851 Grand Concourse, Room 124
Bronx, N.Y. 10451
**ਈਮੇਲ:** info@bronxbar.com

**ਫ਼ੋਨ:** (718)-293-5600

***ਕਵੀਂਸ ਕਾਉਂਟੀ ਬਾਰ ਐਸੋਸੀਏਸ਼ਨ***

https://qcba.org/attorneys/lawyer-referral-service/
**ਈਮੇਲ:** info@qcba.org

**ਫ਼ੋਨ:** (718)-291-4500

***ਰਿਚਮੰਡ ਕਾਉਂਟੀ ਬਾਰ ਐਸੋਸੀਏਸ਼ਨ***

https://www.thercba.com/rcba-member-resources
**ਈਮੇਲ:** rcbaweb@gmail.com

**ਫ਼ੋਨ:** (718)-422-4500

***ਨਿਊਯਾਰਕ ਸਟੇਟ ਬਾਰ ਐਸੋਸੀਏਸ਼ਨ***

https://nysba.org/new-york-state-bar-association-lawyer-referral-service/
**ਈਮੇਲ:** lrs@nysba.org

**ਫ਼ੋਨ:** (800)-342-3661

***ਨਿਊਯਾਰਕ ਟੈਕਸੀ ਵਰਕਰਜ਼ ਅਲਾਇੰਸ***
www.nytwa.org
**ਫ਼ੋਨ:** 718-706-9892
31-10 37th Avenue, Suite 300, Long Island City, NY 11101

ਸੋਧ ਕੀਤੀ। ਜੁਲਾਈ 2024